# ਅੰਮ੍ਰਿਤ ਕੀਰਤਨ

## ਅਪ੍ਰੈਲ 2015

**Posting Date**
01 ਅਪ੍ਰੈਲ 2015



ਧੰਨ ਜੀਓ ਤਹਿ ਕੋ ਜਗ ਮੈ
ਮੁਖ ਤੇ ਹਰਿ ਚਿਤ ਮੇ ਜੁਧ ਬਿਚਾਰੈ
ਦੇਹ ਅਨਿਤ ਨ ਨਿਤ ਰਹੈ
ਜਸ ਨਾਵ ਚੜੈ ਭਵ ਸਾਗਰ ਤਾਰੈ
ਧੀਰਜ ਧਾਮ ਬਨਾਇ ਇਹੈ ਤਨ
ਬੁਧ ਸੋ ਦੀਪਕ ਜਿਉਂ ਉਜਿਆਰੈ
ਗਿਆਨਹਿ ਕੀ ਬਢਨੀ ਮਨੋ ਹਾਥ ਲੈ
ਕਾਤਰਤਾ ਕੁਤਵਾਰ ਬੁਹਾਰੈ

**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-



## ਬਾਰਹਮਾਹ – ਸਾਵਣ

ਸਾਵਣ ਸੰਗ ਬਿਨਾ ਦਸ ਤੇਰੇ
ਕਿਸਦਾ ਸੰਗ ਕਰੂੰਗੀ ਮੈਂ?
ਮੈਂ ਅਣਤਾਰੂ ਤਰ ਭੀ ਨਾ ਜਾਣਾ,
ਆਪੇ ਡੁੱਬ ਮਰੂੰਗੀ ਮੈਂ।
ਕਾਮ, ਕਰੋਧ, ਹੰਕਾਰ, ਲੋਭ, ਮੋਹ
ਦੀ ਅੱਗ ਵਿਚ ਸੜੂੰਗੀ ਮੈਂ।
ਇਸ ਭੈ ਸਾਗਰ ਪਾਰ ਤਰਨ ਨੂੰ,
ਕਿਸਦਾ ਲੜ ਫੜੂੰਗੀ ਮੈਂ।
ਵਿੱਚ ਉਡੀਕਾਂ ਉਮਰ ਗੁਜ਼ਾਰੀ,
ਖਾ ਕੁਝ ਅੰਤ ਮਰੂੰਗੀ ਮੈਂ।
ਹੋਈ ਨਿਮਾਣੀ ਆਤੁਰ ਹੋਈਆਂ,
ਚਰਨੀ ਸੀਸ ਧਰੂੰਗੀ ਮੈਂ।
ਸੰਤੋਖ ਸਿੰਘਾ ਦਸ ਕਿਸਦੇ ਕੋਲੇ,
ਦੁੱਖੜਾ ਫੋਲ ਮਰੂੰਗੀ ਮੈਂ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੬੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਨਿੰਦਾ ਭਲੀ ਕਿਸੀ ਕੀ ਨਾਹੀ 5
ਗੁਰਮਤਿ ਸੰਗੀਤ ਵਿਚ ਰਾਗ ਬਿਲਾਵਲ
ਡਾ. ਗੁਰਨਾਮ ਸਿੰਘ 7
ਪ੍ਰਿੰਸੀਪਲ ਦਿਆਲ ਸਿੰਘ ਕ੍ਰਿਤ ਸੰਗੀਤ ਪੁਸਤਕਾਂ : ਵਿਸ਼ਲੇਸ਼ਣ ਅਤੇ ਸਾਰਥਕਤਾ
ਡਾ. ਰਿਸ਼ਪਾਲ ਸਿੰਘ 10
ਤੇਰੇ ਵਾਂਗੂੰ ਵਿਸਾਖੀ ਨੂੰ ਕਿਸਨੇ ਮਨਾਉਣਾ
ਪ੍ਰੋ: ਨਵ ਸੰਗੀਤ ਸਿੰਘ 14
ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 17
**ਭਾਈ ਬਖਸ਼ੀਸ਼ ਸਿੰਘ**
ਹਰਸਿਮਰਨ ਕੌਰ 20
ਪੰਜਾਬੀ ਯੂਨੀਵਰਸਿਟੀ ਦਾ 7ਵਾਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ 23
ਜਤਿੰਦਰ ਸਿੰਘ ਮੱਟੂ
ਸੁਰ ਲਿਪੀ 25
ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਜ਼ਰੂਰ ਕਰੋ ਜੀ**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਸਾਡੇ ਸਿੱਖ ਧਰਮ ਵਿਚ 'ਸ਼ਬਦ ਗੁਰੂ' ਸੰਗਿਆ ਦੀ ਜਿਸ ਢੰਗ - ਜੋਸ਼ ਖਰੋਸ਼ ਨਾਲ ਚਰਚਾ ਹੋ ਰਹੀ ਹੈ, ਉਸਦਾ ਇਕ ਨਮੂਨਾ ਪ੍ਰੋ: ਜਾਗੀਰ ਸਿੰਘ ਦੀ ਫਰਵਰੀ 2015 ਦੇ ਅੰਕ ਵਿਚ ਪਸੰਦੀਦਾ ਕਵਿਤਾ-ਸ਼ਬਦ ਮੇਰਾ ਹੈ ਧਰਮ ਦੋਸਤੋ- ਲਿਖਤ ਪ੍ਰੋ: ਗੁਰਭਜਨ ਸਿੰਘ-ਦਰਜ ਹੋਈ ਹੈ। 'ਸ਼ਬਦ' ਅੱਖਰ ਜੋੜ ਦੇ ਅਰਥ ਗੁਰਬਾਣੀ ਰਾਹੀਂ ਸਿੱਧ ਕੀਤੇ ਜਾਣ ਤਾਂ ਐਸਾ ਕੋਈ ਵੀ ਪਰਿਯਾਸਕਰਤਾ ਦੀ ਮਾਨਸਿਕਤਾ ਦੇ ਅਧਿਕਾਰ ਖੇਤਰ ਤੱਕ ਹੀ ਸੀਮਤ ਰਹੇਗਾ। ਸ਼ਬਦ ਗੁਰੂ ਦੀ ਪ੍ਰਚਾਰਕ ਸ਼ੈਲੀ ਵਿਚ ਬੜੇ ਸ਼ੌਕ ਨਾਲ ਸਿੱਧਗੋਸ਼ਟੀ ਇਹ ਤੁਕ ਵਰਤਦੇ ਹਨ : ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ (943) ਵਾਸਤਵ ਵਿਚ ਅਨਾਦਿ ਸ਼ਬਦ ਦੀ ਇਸ ਅੰਤਮ ਸਥਿਤੀ ਨੂੰ ਪ੍ਰਾਪਤ ਕਰਨ ਵਾਲੇ ਕਰੋੜਾਂ ਵਿਚ ਕੋਈ ਵਿਰਲੇ ਹੀ ਹੁੰਦੇ ਹਨ, ਕਿਉਂਕਿ ਉਤਪਤਿ ਪਰਲਉ ਸ਼ਬਦਿ ਹੋਵੈ। ਸ਼ਬਦੇ ਹੀ ਫਿਰ ਓਪਤਿ ਹੋਵੇ (117)। ਇਸ ਲਈ ਸਿੱਧ ਗੋਸ਼ਟ ਵਿਚ ਹੀ ਇਹ ਉਪਦੇਸ਼ ਹੈ - ਸੋ ਸ਼ਬਦੁ ਕਾ ਕਹਾ ਵਾਸੁ ਕਥੀਆਲੇ ਜਿਤੁ ਤਰੀਐ ਭਵਜਲੁ ਸੰਸਾਰੋ॥ ਸੁ ਸ਼ਬਦ ਕੋ ਨਿਰੰਤਰਿ ਵਾਸੁ ਅਲਖੈ ਜਹ ਦੇਖਾ ਤਹ ਸੋਈ॥ (944) ਸਖਖੰਡਿ ਤੋਂ ਇਕ ਪਉੜੀ ਹੇਠਾਂ ਸਰਮ ਖੰਡ ਦੇ ਯਾਤਰੂ ਨਾਥਾਂ ਸਿੱਧਾਂ ਨੂੰ ਇਹ ਪੜ੍ਹਾਈ ਕਰਾਈ ਗਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੱਚਖੰਡੀ ਲਕਸ਼ ਦੀ ਬਾਣੀ ਦਾ ਸਫਰ ਸੂਖਮ ਚੇਤਨਾ ਦਾ ਸਫਰ ਹੈ। ਜੋ ਇਕ ਸਰਵੱਗ ਸਮਰੱਥ ਹੀ ਸੰਪੂਰਨ ਸਮਰਪਿਤ ਸਿੱਖ ਨੂੰ ਪੂਰੀ ਕਰਾ ਸਕਦਾ ਹੈ। ਕਵੀ ਕਲਪਨਾ ਅਨੁਸਾਰ : ਗੁਰ ਬਿਨ ਗਿਆਨ ਕਦੇ ਨਾ ਮਿਲਦਾ। ਜਗਦੀ ਨਹੀਂ ਤੇਲ ਬਿਨ ਬੱਤੀ॥ ਕੇ ਜੀ ਨਰਸਰੀ ਦੀ ਪੜ੍ਹਾਈ ਤੋਂ ਬਾਅਦ ਅੱਖਰ ਗਿਆਨ ਤੋਂ ਸ਼ੁਰੂ ਹੋ ਕੇ ਵੱਖ ਵੱਖ ਟੀਚਰਾਂ ਕੋਲੋਂ ਮਾਸਟਰ ਡਿਗਰੀ ਦੀ ਪੜ੍ਹਾਈ ਹੁੰਦੀ ਹੈ। ਫਿਰ ਪੀਐੱਚ. ਡੀ. ਕਰਨ ਲਈ ਹੋਰ ਵਿਸ਼ੇਸ਼ੱਗ ਹੁੰਦੇ ਹਨ ਤੇ ਇਹ ਪੀਐੱਚ.ਡੀ. ਅੱਜ ਕੱਲ ਤਾਂ ਕੱਟ/ਪੇਸਟ ਦਾ ਖੇਲ੍ਹ ਬਣ ਗਿਆ ਹੈ। ਅੱਖਰਾਂ ਵਿਚ ਲਿਖੇ ਗ੍ਰੰਥਾਂ ਨਾਲ ਇਹ ਸੰਸਾਰੀ ਅਹਮ ਦੋ ਵਿਸ਼ੇ ਹਨ। ਇਸ ਦੇ ਉਲਟ ੧ਓਂ ਤੋਂ ਸ਼ੁਰੂ ਕੀਤੀ ਸ਼ਬਦ ਗੁਰੂ ਯਾਤਰਾ ਦਾ ਸਿਧਾਂਤ ਅਹਮ ਦੇ ਪੂਰਨ ਨਾਸ਼ ਨਾਲ ਅਗਸਰ ਹੋ ਸਕਦੀ ਹੈ। ਸੰਸਾਰੀ ਜੀਵਨ ਦੀ ਪਵਿੱਤਰਤਾ ਲਈ ਗੁਰਬਾਣੀ ਨੂੰ ਧਰਮ ਈਮਾਨ ਦਾ ਆਦਰਸ਼ ਮੰਨਣ ਵਾਲੇ ਵੀ ਦਿਨ ਵਿਚ ਦੀਵਾ ਲੈ ਕੇ ਲੱਭਣੇ ਪੈਂਦੇ ਹਨ। ਸੂਖਮ ਚਰਚਾ ਕੌਣ ਕਰਾਏ।

**ਕਰਤਾਰ ਸਿੰਘ ਨੀਲਧਾਰੀ, ਮੋਬਾ : 09803501199**

Congratulations for a well edited of February 2015 issue of Amrit Kirtan and for write up Karo Benantia. Some reads, some listen. I do highly appreciate your thought provoking pain which come up from your deep sense of wisdom. .

**S. Bhagwant Singh, 204-D, Street No. 36, Arjun Nagar, Safdar Jung Enclave, new Delhi - 110029**

ਆਪ ਜੀ ਦੇ ਸਵੱਛ ਹਿਰਦੈ ਨੂੰ ਨਮਨ ਕਰਨ ਦੀ ਖੁਸ਼ੀ ਲੈ ਰਿਹਾ ਹਾਂ। ਆਪ ਜੀ ਨਾਲ ਪਤਾ ਨਹੀਂ ਕਿਹੜੀ ਖਿੱਚ ਦੇ ਪ੍ਰਭਾਵ ਨੇ ਟਾਂਕਾ ਜੋੜ ਲਿਆ ਕਿ ਆਪ ਸਦਾ ਜ਼ਿਹਨ ਵਿਚ ਵਿਸ਼ੇਸ਼ ਸਥਾਨ 'ਤੇ ਬੈਠੇ ਦਿਸਦੇ ਰਹਿੰਦੇ ਹੋ। ਆਪ ਜੀ ਦਾ ਗੁਰਮਤਿ ਸੰਗੀਤ ਦੇ ਰੰਗ ਵਿਚ ਰੰਗਿਆ ਅੰਮ੍ਰਿਤ ਕੀਰਤਨ ਮੈਗਜ਼ੀਨ ਲਗਾਤਾਰ ਮਿਲ ਰਿਹਾ ਹੈ ਅਤੇ ਇਸ ਵਿਚ ਕਈ ਐਸੇ ਮੀਲ ਪੱਥਰ ਰਾਹ ਦਸੇਰਾ ਕਰਦੇ ਰਹੇ ਹਨ। ਲੰਮੀ ਚੁੱਪ ਮਗਰੋਂ ਆਪ ਜੀ ਦੇ ਮਹਾਨ ਉਪਰਾਲੇ ਨੂੰ ਚੇਤੇ ਕਰਦਿਆਂ ਹਿਰਦਾ ਗਦ ਗਦ ਹੋ ਰਿਹਾ ਹੈ। ਸੰਗੀਤ ਪ੍ਰਤੀ ਆਪ ਜੀ ਅਤੇ ਆਪ ਜੀ ਦੇ ਸਹਿਯੋਗੀਆਂ ਦੁਆਰਾ ਪ੍ਰਗਟ ਕੀਤੇ ਵਿਚਾਰਾਂ ਨੂੰ ਗਹੁ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਗੁਰਮਤਿ ਸੰਗੀਤ ਭਾਰਤ ਦੇ ਮਹਾਨ ਸੰਗੀਤ ਕੋਸ਼ ਵਿਚ ਸਭ ਤੋਂ ਕੀਮਤੀ ਰਤਨ ਹੈ। ਇਸ ਤੋਂ ਇਲਾਵਾ ਵੀ ਆਪ ਜੀ ਦੇ ਪਰਚੇ ਨੇ ਦੇਸ-ਵਿਦੇਸ਼ ਦੇ ਹਰ ਉਸ ਸ਼ਹਿਰ/ਪ੍ਰਾਂਤ ਵਿਚ ਆਪਣੀ ਵਿਸ਼ੇਸ਼ਤਾ ਦੇ ਕਾਮਯਾਬ ਝੰਡੇ ਗੱਡੇ ਹਨ, ਜਿਸ ਕਾਰਨ ਅੱਜ ਸਮੂਹ ਸੰਸਾਰ ਦੇ ਜਗਿਆਸੂ ਜਨਾਂ ਨੂੰ ਗੁਰਮਤਿ ਸੰਗੀਤ ਦੀ ਆਤਮਾ ਵਿਚ ਸਦੀਵੀ ਤ੍ਰਿਪਤੀ ਦਾ ਆਨੰਦ ਨਸੀਬ ਹੋ ਰਿਹਾ ਹੈ। ਧੰਨ ਹੈ ਆਪ ਜੀ ਦੇ ਹਿਰਦੇ ਵਿਚ ਸਵੱਛ ਦ੍ਰਿੜਤਾ ਅਤੇ ਸਿਰੜ, ਜਿਸ ਕਾਰਨ ਇਹ ਮੁਨਾਸਿਬ ਹੋਇਆ ਹੈ।

**ਸੁਰਜੀਤ ਕੁੰਜਾਹੀ, ਫਰੀਦਾਬਾਦ, ਮੋਬਾ : 09810580870**

# ਨਿੰਦਾ ਭਲੀ ਕਿਸੀ ਕੀ ਨਾਹੀ

ਗੁਰਬਾਣੀ ਅਤੇ ਹੋਰ ਸਿਆਣੇ ਪੁਰਸ਼ ਇਸ ਗੱਲ ਬਾਰੇ ਕੂਕ-ਕੂਕ ਕੇ ਕਹਿੰਦੇ ਹਨ ਕਿ ਕਿਸੇ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ। ਪਰ ਅਸੀਂ ਆਮ ਗੱਲਬਾਤ ਕਰਦਿਆਂ ਇਸ ਬਾਰੇ ਸੁਚੇਤ ਨਹੀਂ ਹੁੰਦੇ ਅਤੇ ਆਪਣੇ ਆਲੇ ਦੁਆਲੇ ਦੇ ਵਿਅਕਤੀਆਂ ਬਾਰੇ ਕੁਝ ਗ਼ਲਤ ਟਿੱਪਣੀਆਂ ਕਰ ਜਾਦੇ ਹਾਂ। ਸਾਨੂੰ ਇਹ ਨਹੀਂ ਪਤਾ ਲਗਦਾ ਕਿ ਇਹਨਾਂ ਦਾ ਉਸ ਵਿਅਕਤੀ ਦੇ ਜੀਵਨ ਉੱਤੇ ਕੀ ਪ੍ਰਭਾਵ ਪਵੇਗਾ। ਇਸ ਬਾਰੇ ਇੰਟਰਨੈੱਟ ਤੋਂ ਇਕ ਕਹਾਣੀ ਪ੍ਰਾਪਤ ਹੋਈ ਹੈ ਜੋ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ। ਕਹਾਣੀ ਅੰਗਰੇਜ਼ੀ ਵਿਚ ਹੈ ਮੈਨੂੰ ਆਸ ਹੈ ਕਿ ਇਤਨੀ ਕੁ ਅੰਗਰੇਜ਼ੀ ਤਾਂ ਤੁਸੀਂ ਪੜ੍ਹ ਹੀ ਲਉਗੇ। ਜੇ ਨਹੀਂ ਤਾਂ ਕਿਸੇ ਬੱਚੇ ਕੋਲੋਂ ਪੜ੍ਹਵਾ ਲੈਣੀ।

Once an old man spread rumors that his neighbor was a thief. As a result, the young man was arrested. Days later the young man was proven innocent.

After being released he sued the old man for wrongly accusing him.

In the court, the old man told the Judge: "They were just comments, didn't harm anyone."

The judge told the old man: "Write all the things you said about him on a piece of paper. Cut them up and on the way home, throw the pieces of paper out. Tomorrow, come back to hear the sentence."

Next day, the judge told the old man: "Before the hearing starts, go out and gather all the pieces of paper that you threw out yesterday."

The old man said: "I can't do that! The wind spread them and I won't know where to find them."

The judge then replied: "The same way, simple comments may destroy the honor of a man to such an extent that one is not able to fix it. If you can't speak well of someone, rather don't say anything."

ਗੁਰਬਾਣੀ ਵਿਚ ਨਿੰਦਿਆ ਬਾਰੇ ਅਨੇਕ ਤੁਕਾਂ ਵਾਚਣਯੋਗ ਹਨ।

**ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥**

**ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥**

**ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ ॥**

**ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ**

ਕਰਾਇਆ ॥
ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ ॥
ਪਰ ਨਿੰਦਾ ਬਹੁ ਕੂੜੁ ਕਮਾਵੈ ॥
ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਨਿੰਦਾ ਕਰਿ ਕਰਿ ਪਚਹਿ ਘਨੇਰੇ ॥
ਛੋਡਿਹੁ ਨਿੰਦਾ ਤਾਤਿ ਪਰਾਈ ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥
ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥

**ਭੁੱਲ-ਚੁੱਕ ਖਿਮਾਂ**


Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਗੁਰਮਤਿ ਸੰਗੀਤ ਵਿਚ ਰਾਗ ਬਿਲਾਵਲ

**ਡਾ. ਗੁਰਨਾਮ ਸਿੰਘ**

ਬਿਲਾਵਲ ਰਾਗ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਸੋਲਵੇਂ ਸਥਾਨ 'ਤੇ ਅੰਕਿਤ ਕੀਤਾ ਗਿਆ ਹੈ। ਇਹ ਰਾਗ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਮੁਖ ਤੇ ਪ੍ਰਸਿੱਧ ਰਾਗ ਹੈ। ਬਿਲਾਵਲ ਦੇ ਸ਼ਾਬਦਿਕ ਅਰਥ ਖੁਸ਼ੀ, ਪ੍ਰਸੰਨਤਾ ਅਤੇ ਮੰਗਲ ਮੰਨੇ ਗਏ ਹਨ। ਇਸ ਰਾਗ ਵਿੱਚ ਸਮੂਹ ਗੁਰੂਸਾਹਿਬਾਨ ਨੇ ਬਾਣੀ ਉਚਾਰੀ ਹੈ, ਜਿਸ ਤੋਂ ਇਸ ਰਾਗ ਦਾ ਭਰਪੂਰ ਪ੍ਰਚਲਨ ਤੇ ਲੋਕਪ੍ਰਿਯਤਾ ਪ੍ਰਤੱਖ ਹੈ। ਬਿਲਾਵਲ ਰਾਗ ਦੇ ਮਹੱਤਵ ਸਬੰਧੀ ਗੁਰੂਅਮਰਦਾਸ ਜੀ ਨੇ ਗੁਰੂਗ੍ਰੰਥ ਸਾਹਿਬ ਦੇ ਪੰਨਾ ੮੪੯ 'ਤੇ ਇਸ ਰਾਗ ਸਬੰਧੀ ਫੁਰਮਾਇਆ ਹੈ ਕਿ ਬਿਲਾਵਲੁ ਰਾਗ ਉਦੋਂ ਹੀ ਗਾਉਣਾ ਚਾਹੀਦਾ ਹੈ ਜਦੋਂ ਮੁਖ 'ਤੇ ਪਰਮੇਸ਼ਰ ਨਾਮ ਹੋਵੇ। ਗੁਰੂਰਾਮਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਇਸ ਰਾਗ ਸਬੰਧੀ ਉਲੇਖ ਕੀਤਾ ਹੈ ਕਿ ਬਿਲਾਵਲ ਰਾਗ ਦਾ ਗਾਇਨ ਦੁਆਰਾ ਉਸ ਸਰਵਉੱਚ ਹਰੀ ਪ੍ਰਭੂਦੀ ਸਿਫਤ-ਸਲਾਹ ਕਰਨੀ ਚਾਹੀਦੀ ਹੈ।

ਗੁਰੂਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚੋਂ 'ਸੰਗੀਤ ਰਤਨਾਕਰ' ਵਿਚ 'ਵੇਲਾਵਲੀ' ਦਾ ਉਲੇਖ ਪ੍ਰਾਪਤ ਹੁੰਦਾ ਹੈ। ਬਿਲਾਵਲ ਰਾਗ ਦਾ ਉਲੇਖ ਮੱਧ ਕਾਲ ਦੇ ਗ੍ਰੰਥਾਂ ਵਿਚ ਅਕਸਰ ਮਿਲਦਾ ਹੈ। ਸੰਸਕ੍ਰਿਤ ਦੇ ਗ੍ਰੰਥਾਂ ਵਿਚ ਇਸ ਦਾ ਨਾਂ 'ਵੇਲਾਵਲੀ', 'ਵਿਲਾਵਲੀ', 'ਬਿਲਾਵਲੀ' ਆਦਿ ਵੀ ਮਿਲਦਾ ਹੈ। ਕੁਝ ਸੰਗੀਤਕਾਰ ਵਿਦਵਾਨ ਇਸ ਨੂੰ ਰਾਗ ਰਾਗਣੀ ਪੱਧਤੀ ਅਨੁਸਾਰ ਰਾਗਣੀ ਮੰਨਦੇ ਹਨ। ਪਰ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਇਸ ਨੂੰ 'ਰਾਗ ਬਿਲਾਵਲ' ਦੇ ਨਾਂ ਨਾਲ ਹੀ ਅੰਕਿਤ ਕੀਤਾ ਗਿਆ ਹੈ।

ਰਾਗ ਬਿਲਾਵਲ ਥਾਟ ਬਿਲਾਵਲ ਦਾ ਆਸ਼ਰਿਯ ਰਾਗ ਹੈ। ਇਹ ਸ਼ੁੱਧ ਸੁਰਾਂ ਦਾ ਰਾਗ ਹੈ ਪਰ ਕਈ ਵਾਰ ਧੈਵਤ ਸੁਰ ਦੇ ਸੰਯੋਗ ਨਾਲ ਕੋਮਲ ਨਿਸ਼ਾਦ ਅਲਪ ਕਣ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਕੁਝ ਸੰਗੀਤ ਵਿਦਵਾਨ ਇਸ ਨੂੰ ਸਵੇਰ ਦਾ ਕਲਿਆਣ ਵੀ ਕਹਿੰਦੇ ਹਨ। ਬਿਲਾਵਲ ਰਾਗ ਵਿਚ ਵਾਦੀ ਧੈਵਤ ਅਤੇ ਸੰਵਾਦੀ ਗੰਧਾਰ ਹੋਣ ਕਾਰਨ ਇਸ ਨੂੰ ਉਤਰਾਂਗਵਾਦੀ ਰਾਗ ਮੰਨਿਆ ਜਾਂਦਾ ਹੈ। ਕੁਝ ਵਿਦਵਾਨ ਇਸ ਰਾਗ ਦੀ ਜਾਤੀ ਸੰਪੂਰਨ, ਕੁਝ ਸ਼ਾੜਵ-ਸੰਪੂਰਨ ਅਤੇ ਕੁਝ ਸ਼ਾੜਵ-ਵਕਰ ਸੰਪੂਰਨ ਮੰਨਦੇ ਹਨ। ਇਸ ਰਾਗ ਦੇ ਆਰੋਹ ਵਿਚ ਮਧਿਅਮ ਸੁਰ ਆਮ ਤੌਰ ਤੇ ਵਰਜਿਤ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਵਕਰ ਰੂਪ ਨਾਲ ਸੱਤ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸੇ ਕਰਕੇ ਇਸ ਦੀ ਜਾਤੀ ਸ਼ਾੜਵ-ਵਕਰ ਸੰਪੂਰਨ ਮੰਨਣਾ ਉਚਿਤ ਹੋਵੇਗਾ। ਇਹ ਇਕ ਸੁਤੰਤਰ ਰਾਗ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਦਾ ਆਰੋਹ ਸ਼ੜਜ, ਰਿਸ਼ਭ ਗੰਧਾਰ, ਮਧਿਅਮ ਧੈਵਤ, ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ), ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ, ਪੰਚਮ, ਮਧਿਅਮ ਗੰਧਾਰ, ਰਿਸ਼ਭ ਸ਼ੜਜ ਹੈ।

ਬਿਲਾਵਲ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਚਾਰ ਪਦੇ, ਦੋ ਅਸ਼ਟਪਦੀਆਂ ਅਤੇ ਥਿਤੀ; ਗੁਰੂਅਮਰਦਾਸ ਜੀ ਦੇ ਛੇ ਪਦੇ, ਨੌਂ ਅਸ਼ਟਪਦੀਆਂ, ਦੋ ਵਾਰ ਸਤ ਬਾਣੀ ਰੂਪ; ਗੁਰੂ ਰਾਮਦਾਸ ਜੀ ਦੇ ਸੱਤ ਪਦੇ, ਛੇ ਅਸ਼ਟਪਦੀਆਂ, ਦੋ ਛੰਤ, ਇੱਕ ਵਾਰ, ਇੱਕ ਪੜਤਾਲ, ਗੁਰੂਅਰਜਨ ਦੇਵ ਜੀ 129 ਪਦੇ, ਦੋ

ਅਸ਼ਟਪਦੀਆਂ, ਤਿੰਨ ਛੰਤ, ਦੋ ਪੜਤਾਲ; ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਤਿੰਨ ਪਦੇ, ਦਰਜ ਹਨ। ਗੁਰੂ ਸਹਿਬਾਨ ਤੋਂ ਇਲਾਵਾ ਭਗਤ ਕਬੀਰ ਜੀ ਦੇ ਬਾਰਾਂ; ਭਗਤ ਨਾਮਦੇਵ ਜੀ ਦਾ ਇਕ; ਭਗਤ ਰਵਿਦਾਸ ਜੀ ਦੇ ਦੋ ਅਤੇ ਭਗਤ ਸਧਨਾ ਜੀ ਦਾ ਇੱਕ ਸਬਦ ਇਸ ਰਾਗ ਅਧੀਨ ਅੰਕਿਤ ਹੈ।

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਦਿਨ ਦੇ ਦੂਸਰੇ ਪਹਿਰ ਤੋਂ ਬਿਲਾਵਲ ਦੀ ਚੌਕੀ ਦਾ ਆਰੰਭ ਹੁੰਦਾ ਹੈ ਅਤੇ ਕ੍ਰਮਵਾਰ ਬਿਲਾਵਲ ਦੇ ਨਾਮ ਹੇਠ ਸਭ ਤੋਂ ਵੱਧ ਚਾਰ ਚੌਕੀਆਂ ਲਗਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਬਿਲਾਵਲ ਅਤੇ ਇਸ ਸਮੇਂ ਦੇ ਹੋਰ ਰਾਗਾਂ ਦਾ ਗਾਇਨ ਕੀਤਾ ਜਾਂਦਾ ਹੈ। 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਇਸ ਰਾਗ ਨੂੰ ਦੂਸਰੇ ਪਹਿਰ ਦੇ ਨਾਲ-ਨਾਲ ਅਨੰਦ ਮੰਗਲ ਵੇਲੇ ਗਾਉਣ ਦੀ ਰੀਤ ਦਰਸਾਈ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲ ਦੇ ਅਧੀਨ ਬਿਲਾਵਲ ਦੱਖਣੀ ਨੂੰ ਇੱਕ ਰਾਗ ਵਜੋਂ ਅੰਕਿਤ ਕੀਤਾ ਗਿਆ ਹੈ। ਆਧੁਨਿਕ ਦੱਖਣੀ ਭਾਰਤੀ ਸੰਗੀਤ ਵਿਚ ਇਸ ਰਾਗ ਨੂੰ 'ਬੇਲਾਵਲੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲ ਦਖਣੀ ਅਧੀਨ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਛੰਤ ਪੰਨਾ ੮੪੩ ਉਪਰ 'ਬਿਲਾਵਲ ਮਹਲਾ ੧ ਛੰਤ ਦਖਣੀ' ਦੇ ਸਿਰਲੇਖ ਅਧੀਨ ਆਉਂਦਾ ਹੈ। ਇਹ ਰਾਗ ਦੋਨਾਂ ਸੰਗੀਤ ਪੱਧਤੀਆਂ ਵਿਚ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। 'ਸਵਰਮੇਲ ਕਲਾਨਿਧੀ' ਗ੍ਰੰਥ ਵਿਚ ਬਿਲਾਵਲ ਦਖਣੀ ਦਾ ਉਲੇਖ ਮਿਲਦਾ ਹੈ। ਰਾਮਾਮਾਤਯ ਦੇ ਇਸ ਗ੍ਰੰਥ ਅਨੁਸਾਰ ਇਸ ਰਾਗ ਦੀ ਜਾਤੀ ਸੰਪੂਰਨ ਮੰਨੀ ਹੈ। ਇਸ ਦਾ ਨਿਆਸ ਦਾ ਸੁਰ ਤੇ ਗ੍ਰਹਿ ਸੁਰ ਧੈਵਤ ਹੈ ਅਤੇ ਗਾਇਨ ਸਮਾਂ ਸਵੇਰ ਦਾ ਹੈ। ਕੁਝ ਸੰਗੀਤਕਾਰ ਇਸ ਰਾਗ ਵਿਚ ਸੁਰ ਰਿਸ਼ਭ ਤੇ ਪੰਚਮ ਵਰਜਿਤ ਮੰਨਦੇ ਹਨ। ਰਾਗ ਬਿਲਾਵਲ ਦਖਣੀ ਦੇ ਦੋ ਸਰੂਪ ਪ੍ਰਚਾਰ ਵਿਚ ਹਨ। ਪਹਿਲਾ ਸਰੂਪ ਅਧੁਨਿਕ ਦਖਣੀ ਭਾਰਤੀ ਸੰਗੀਤ ਵਿਚ ਰਾਗ ਵੇਲਾਵਲੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਸੁਰ ਵਰਜਿਤ ਹਨ। ਅਵਰੋਹ ਸੰਪੂਰਨ ਹੋਣ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਧੈਵਤ ਅਤੇ ਸੰਵਾਦੀ ਸੁਰ ਰਿਸ਼ਭ ਹੈ। ਇਹ ਰਾਗ ਦਿਨ ਦੇ ਪਹਿਲੇ ਪਹਿਰ ਗਾਇਆ ਵਜਾਇਆ ਜਾਂਦਾ ਹੈ। ਦੂਜਾ ਸਰੂਪ ਰਾਗ ਨਿਰਣਾਇਕ ਕਮੇਟੀ ਦੁਆਰਾ ਇਸ ਤਰਾਂ ਪ੍ਰਵਾਨਿਆ ਗਿਆ ਹੈ:- ਜਿਸ ਵਿਚ ਇਸ ਦਾ ਗੰਧਾਰ ਕੋਮਲ ਤੇ ਬਾਕੀ ਸੁਰ ਸ਼ੁੱਧ ਮੰਨੇ ਗਏ ਹਨ। ਇਸ ਦੇ ਆਰੋਹ ਵਿਚ ਗੰਧਾਰ ਅਤੇ ਨਿਸ਼ਾਦ ਵਰਜਿਤ ਹੋਣ ਕਾਰਨ ਇਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਰਾਗ ਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਸੁਰ ਪੰਚਮ ਹੈ। ਇਸ ਰਾਗ ਨੂੰ ਦਿਨ ਦੇ ਤੀਜੇ ਪਹਿਰ ਗਾਇਆ ਵਜਾਇਆ ਜਾਂਦਾ ਹੈ।

ਰਾਗ ਬਿਲਾਵਲ ਦੇ ਅਧੀਨ ਇਕ ਹੋਰ ਰਾਗ ਬਿਲਾਵਲੁ ਮੰਗਲ ਸ੍ਰੀ ਗੁਰੂਗ੍ਰੰਥ ਸਾਹਿਬ ਦੇ ਪੰਨਾ ੮੪੪ 'ਤੇ ਦਰਜ ਹੈ। ਇਸ ਰਾਗ ਅਧੀਨ ਮਹਲਾ ੪ ਅਤੇ ਮਹਲਾ ੫ ਦੀ ਬਾਣੀ ਦਰਜ ਹੈ। ਜਿਸ ਦਾ ਸਿਰਲੇਖ ਕ੍ਰਮਵਾਰ ਛੰਤ ਬਿਲਾਵਲ ਮਹਲਾ ੪ ਮੰਗਲੋ ਅਤੇ 'ਬਿਲਾਵਲ ਮਹਲਾ ੫ ਛੰਤ ਮੰਗਲ' ਦਰਜ ਹੈ। ਗੁਰਮਤਿ ਸੰਗੀਤ ਆਚਾਰੀਆ ਪ੍ਰੋ. ਤਾਰਾ ਸਿੰਘ ਇਸ ਨੂੰ ਸੁਤੰਤਰ ਰਾਗ ਵਜੋਂ ਸਥਾਪਤ ਕਰਦੇ ਹੋਏ ਸ੍ਰੀ ਸਰਬਲੋਹ ਗ੍ਰੰਥ ਵਿਚੋਂ ਇਸ ਦੀ ਉਦਾਹਰਣ ਦਿੰਦੇ ਹਨ। ਇਸ ਤਰਾਂ ਬਿਲਾਵਲ ਮੰਗਲ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਹੈ ਜੋ ਕਿ ਦੋ ਵਿਭਿੰਨ ਰਾਗਾਂ ਬਿਲਾਵਲ ਅਤੇ ਮੰਗਲ ਦਾ ਸੁਮੇਲ ਹੈ। ਇਸ ਰਾਗ ਵਿਚ ਗੁਰੂ ਰਾਮਦਾਸ ਅਤੇ ਗੁਰੂਅਰਜਨ ਦੇਵ ਜੀ ਦੇ ਛੰਤ ਅੰਕਿਤ ਹਨ। ਕੁਝ ਵਿਦਵਾਨ ਸੰਕੇਤ ਮੰਗਲ ਦਾ ਅਰਥ ਖੁਸ਼ੀ ਦਾ ਗੀਤ ਸਮਝਦੇ ਹਨ। ਸੰਗੀਤ ਦੀ ਇਕ ਪ੍ਰਸਿੱਧ ਪੁਸਤਕ 'ਸਵਰਤਾਲ ਸਮੂਹ' ਦੇ ਪੰਨਾ 113 'ਤੇ ਬਿਲਾਵਲ ਰਾਗ ਦੇ 15

ਪ੍ਰਕਾਰਾਂ ਦਾ ਉਲੇਖ ਮਿਲਦਾ ਹੈ ਜਿਨ੍ਹਾਂ ਵਿਚ ਇਕ ਪ੍ਰਕਾਰ ਮੰਗਲ ਬਿਲਾਵਲ ਦਾ ਵੀ ਹੈ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮੰਗਲ ਜਾਂ ਮੰਗਲਨ ਰਾਗ ਪ੍ਰਾਚੀਨ ਅਤੇ ਅਪ੍ਰਚਲਿਤ ਰਾਗ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਰਾਗ ਬਿਲਾਵਲ ਨਾਲ ਸੁਮੇਲ ਕਰਕੇ ਗੁਰਬਾਣੀ ਉਪੇਦਸ਼ਾਂ ਦੇ ਪ੍ਰਚਾਰ ਹਿੱਤ ਗਾਇਨ ਲਈ ਵਰਤਿਆ। ਗੁਰਮਤਿ ਸੰਗੀਤ ਪਰੰਪਰਾ ਵਿਚ ਇਹ ਰਾਗ ਆਪਣੇ ਸੁਤੰਤਰ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਇਸ ਰਾਗ ਦਾ ਸ਼ਾਸਤਰਾਤਮਕ ਅਤੇ ਸਰਬਪ੍ਰਵਾਣਿਤ ਸਰੂਪ ਇਸ ਪ੍ਰਕਾਰ ਹੈ। ਰਾਗ ਬਿਲਾਵਲ ਮੰਗਲ ਥਾਟ ਬਿਲਾਵਲ ਤੋਂ ਉਤਪੰਨ ਹੋਇਆ ਮੰਨਿਆ ਜਾਂਦਾ ਹੈ। ਇਸ ਰਾਗ ਦੇ ਆਰੋਹ ਵਿਚ ਪੰਚਮ ਸੁਰ ਵਰਜਿਤ ਕੀਤਾ ਜਾਂਦਾ ਹੈ ਅਤੇ ਅਵਰੋਹ ਵਿਚ ਸੱਤ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਇਸ ਰਾਗ ਦੀ ਜਾਤੀ ਸ਼ਾੜਵ-ਸੰਪੂਰਨ ਮੰਨੀ ਜਾਂਦੀ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਮੰਨਿਆ ਜਾਂਦਾ ਹੈ। ਇਸ ਰਾਗ ਨੂੰ ਦਿਨ ਦੇ ਪਹਿਲੇ ਪਹਿਰ ਗਾਇਆ ਵਜਾਇਆ ਜਾਂਦਾ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਬਿਲਾਵਲ ਦੇ ਪੁਰਾਤਨ ਚਿਤਰ ਉਪਲਬਧ ਹਨ। ਪ੍ਰਸਿੱਧ ਚਿੱਤਰਕਾਰ ਦੇਵਿੰਦਰ ਸਿੰਘ ਕੋਲੋਂ ਅਸੀਂ ਬਾਣੀ 'ਤੇ ਆਧਾਰਿਤ ਬਿਲਾਵਲ ਰਾਗ ਦਾ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਇਆ ਸੀ, ਜਿਸ 'ਤੇ ਬਿਲਾਵਲ ਰਾਗ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

ਵੀਹਵੀਂ ਸਦੀ ਦੀਆਂ ਸਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਾਚੀਏ ਤਾਂ ਇਸ ਰਾਗ ਵਿਚ ਸ. ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ. ਤਾਰਾ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰਸੀਪਲ ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਜਸਵੰਤ ਸਿੰਘ ਤੀਬਰ, ਪ੍ਰੋ. ਪਰਮਜੋਤ ਸਿੰਘ, ਸ. ਹਰਮਿੰਦਰ ਸਿੰਘ ਆਦਿ ਨੇ ਸੰਗੀਤਕਾਰਾਂ ਨੇ ਕੀਰਤਨ ਰਚਨਾਵਾਂ ਨੂੰ ਸੁਰਲਿਪੀ-ਬੱਧ ਕੀਤਾ।

ਬਿਲਾਵਲ ਰਾਗ ਨੂੰ ਗੁਰਮਤਿ ਸੰਗੀਤ ਪਰੰਪਰਾ ਦੇ ਸੰਗੀਤਕਾਰਾਂ ਨੇ ਆਪਣੇ-ਆਪਣੇ ਅੰਦਾਜ ਵਿੱਚ ਬਾਖੂਬੀ ਗਾਇਆ ਹੈ, ਜਿਹਨਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org, www.sikhsangeet.com, ਅਤੇ www.jawaditaksal.org. ਵੈਬ ਸਾਈਟਸ 'ਤੇ ਸੁਣ ਸਕਦੇ ਹਾਂ।


## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਜ਼ਰੂਰ ਕਰੋ ਜੀ**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ਪ੍ਰਿੰਸੀਪਲ ਦਿਆਲ ਸਿੰਘ ਕ੍ਰਿਤ ਸੰਗੀਤ ਪੁਸਤਕਾਂ : ਵਿਸ਼ਲੇਸ਼ਣ ਅਤੇ ਸਾਰਥਕਤਾ

**ਡਾ. ਰਿਸ਼ਪਾਲ ਸਿੰਘ**

ਪ੍ਰਿੰਸੀਪਲ ਦਿਆਲ ਸਿੰਘ ਇਕ ਅਜਿਹੇ ਸੁਘੜ ਅਤੇ ਵਿਖਿਆਤ ਸੰਗੀਤਕਾਰ ਹਨ ਜਿਹਨਾਂ ਨੇ ਗੁਰਮਤਿ ਸੰਗੀਤ ਦੇ ਪਰਚਾਰ ਲਈ ਤਨ ਦੇਹੀ ਨਾਲ ਕਾਰਜ ਕੀਤਾ। ਆਪ ਨੇ ਗੁਰਮਤਿ ਵਿਦਿਆਲਾ ਨਵੀਂ ਦਿੱਲੀ ਆਰੰਭ ਕੀਤਾ ਜੋ 1930 ਤੋਂ ਗੁਰਬਾਣੀ ਸਿੱਖਿਆਂਦਰੂਆਂ ਨੂੰ ਕੀਰਤਨ ਦੀ ਸਿਖਲਾਈ ਪ੍ਰਦਾਨ ਕਰਦਾ ਆ ਰਿਹਾ ਹੈ। 1980 ਵਿੱਚ ਗੁਰਮਤਿ ਵਿਦਿਆਲੇ ਦਾ ਗੋਲਡਨ ਜੁਬਲੀ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿੱਚ ਸੰਗੀਤ ਅਤੇ ਹੋਰ ਪ੍ਰਸਿੱਧ ਹਸਤੀਆਂ ਨੇ ਸੰਗੀਤ ਸਬੰਧੀ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਪੁਸਤਕ ਗੋਲਡਨ ਜੁਬਲੀ ਵਿਦਿਆਲੇ ਦੇ ਗੁਰਬਾਣੀ ਸੰਗੀਤ ਪ੍ਰਤੀ ਕੀਤੇ ਪ੍ਰਚਾਰ ਦੇ ਕੰਮ ਵੱਲ ਸਮੂਹ ਪੰਥ ਅਤੇ ਸ਼ੁਭਚਿੰਤਕਾਂ ਦਾ ਧਿਆਨ ਕੇਂਦਰਿਤ ਕਰਨ ਦਾ ਉਪਰਾਲਾ ਮਾਤਰ ਹੈ। ਇਸ ਸਮਾਗਮ ਵਿੱਚ ਇਸ ਸੰਸਥਾ ਦੀ ਉਪਜ ਕੁਝ ਰਾਗੀ ਜੱਥਿਆਂ ਅਤੇ ਰਾਗੀ ਪ੍ਰਚਾਰਕਾਂ ਤੋਂ ਵੀ ਜਾਣੂੰ ਕਰਵਾਇਆ ਗਿਆ ਹੈ ਜੋ ਦੇਸ਼ਾਂ- ਵਿਦੇਸ਼ਾਂ ਵਿੱਚ ਕੀਰਤਨ ਪਰੰਪਰਾ ਰਾਹੀ ਗੁਰਬਾਣੀ ਸੰਗੀਤ ਦੀ ਅਣਥੱਕ ਸੇਵਾ ਨਿਭਾਅ ਰਹੇ ਹਨ। ਗੁਰਮਤਿ ਵਿਦਿਆਲਾ ਦੇ ਪੁਰਾਣੇ ਰਾਗੀ ਸਿੰਘਾਂ ਦੇ ਨਿੱਜੀ ਵਿਚਾਰ ਅਤੇ ਸੁਝਾਅ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ। ਇਸ ਪੁਸਤਕ ਤੋਂ ਸਾਨੂੰ ਗੁਰਮਤਿ ਵਿਦਿਆਲਾ ਨਾਮੀ ਸੰਸਥਾ ਦੇ ਗੁਰਮਤਿ ਸੰਗੀਤ ਦੇ ਪ੍ਰਚਾਰਕ ਅਤੇ ਪਰਸਾਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦੀ ਸਮੁੱਚੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਚਾਹੇ ਇਹ ਪੁਸਤਕ ਸਿਰਫ ਇਸ ਗੋਲਡਨ ਜੁਬਲੀ ਸਮਾਗਮ ਦੀ ਰਿਪੋਰਟ ਮਾਤਰ ਹੈ ਪਰੰਤੂ ਫਿਰ ਵੀ ਸੰਗੀਤ ਨਾਲ ਸਬੰਧਿਤ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੀ ਹੈ।

**ਗੁਰਮਤਿ ਸੰਗੀਤ ਸਾਗਰ (ਆਸਾ ਦੀ ਵਾਰ ਅਤੇ ਸ਼ਬਦ)** ਪੁਸਤਕ ਗੁਰਮਤਿ ਸੰਗੀਤ ਦੇ ਵਿਖਿਆਤ ਕੀਰਤਨਕਾਰ ਪ੍ਰਿੰਸੀਪਲ ਦਿਆਲ ਸਿੰਘ ਦੀ ਕ੍ਰਿਤ ਹੈ ਜਿਹਨਾਂ ਨੇ ਪੰਜਾਬ ਪ੍ਰਾਂਤ ਤੋਂ ਬਾਹਰ ਰਹਿ ਕੇ ਗੁਰਮਤਿ ਸੰਗੀਤ ਜਿਹੀ ਮਹਾਨ ਅਧਿਆਤਮਕ ਗਾਇਨ ਵਿਧਾ ਨੂੰ ਪ੍ਰਚਾਰਿਆ ਅਤੇ ਪ੍ਰਸਾਰਿਆ।ਇਸ ਪੁਸਤਕ ਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ ਨਵੀਂ ਦਿੱਲੀ ਨੇ ਕੀਤਾ। ਪ੍ਰਿੰਸੀਪਲ ਦਿਆਲ ਸਿੰਘ 1967 ਤੋਂ ਹੀ ਦਿਲੀ ਵਿੱਖੇ ਗੁਰਮਤਿ ਸੰਗੀਤ ਵਿਦਿਆਲਾ ਨਾਮੀ ਸੰਸਥਾ ਚਲਾ ਰਹੇ ਹਨ ਜਿਸ ਵਿੱਚ ਗੁਰਮਤਿ ਸੰਗੀਤ ਦੇ ਪੰਜ ਸਾਲਾ ਸਿਲੇਬਸ ਅਨੁਸਾਰ ਗੁਰਮਤਿ ਸੰਗੀਤ ਦੀ ਸਿਖਿਆ ਦਿਤੀ ਜਾਂਦੀ ਹੈ ਅਤੇ ਇਸ ਸੰਸਥਾ ਨੇ ਗੁਰਮਤਿ ਸੰਗੀਤ ਦੇ ਖੇਤਰ ਨੂੰ ਅਨੇਕ ਉੱਘੇ ਰਾਗੀ ਦਿੱਤੇ ਹਨ। ਗੁਰਮਤਿ ਸੰਗੀਤ ਦੇ ਕਿਰਿਆਤਮਕ ਪੱਖ ਦੇ ਨਾਲ-ਨਾਲ ਸਿਧਾਂਤਕ ਪੱਖ ਦੀ ਸਾਂਭ ਸੰਭਾਲ ਹਿੱਤ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਨੇ ਕਈ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ। ਇਹ ਪੁਸਤਕ ਵੀ ਆਪ ਜੀ ਦੀ ਕਲਮ ਤੋਂ ਉਕਰਿਆ ਇਕ ਸੰਗ੍ਰਹਿ ਹੈ। ਗੁਰਬਾਣੀ ਵਿੱਚ ਆਸਾ ਦੀ ਵਾਰ ਦੀ

ਮਹੱਤਤਾ ਨੂੰ ਦੇਖਦੇ ਹੋਏ ਪੁਸਤਕ ਵਿੱਚ ਆਸਾ ਦੀ ਵਾਰ ਨੂੰ ਛੇ ਰਾਗਾਂ ਵਿੱਚ ਨਿਬੱਧ ਕੀਤਾ ਹੈ । ਲੇਖਕ ਨੇ ਪੁਸਤਕ ਦੇ ਆਰੰਭ ਵਿੱਚ ਸੰਗੀਤ ਸਾਸ਼ਤਰ ਦੀ ਸੰਖੇਪ ਜਾਣਕਾਰੀ ਮੁਹੱਈਆ ਕਰਵਾਈ ਹੈ ਜਿਸ ਵਿੱਚ ਨਾਦ, ਆਹਤ ਨਾਦ, ਅਨਾਹਤ ਨਾਦ, ਰੂਪ ਭੇਦ, ਜਾਤੀ ਭੇਦ, ਸਥਾਨ ਭੇਦ, ਸ਼ਰੁਤੀ, ਸੁਰ, ਸਪਤਕ, ਚੱਲ ਅਤੇ ਅਚੱਲ ਸੁਰ, ਵਾਦੀ, ਸੰਵਾਦੀ, ਵਿਵਾਦੀ, ਅਨੁਵਾਦੀ, ਪੂਰਵਾਂਗ ਅਤੇ ਉਤਰਾਂਗ ਅਤੇ ਥਾਟ ਆਦਿ ਵਿਸ਼ੇ ਪ੍ਰਮੁੱਖ ਹਨ।

ਗੁਰਮਤਿ ਸੰਗੀਤ ਸਾਗਰ (ਆਸਾ ਦੀ ਵਾਰ ਅਤੇ ਸ਼ਬਦ) ਪੁਸਤਕ ਦੇ ਸਿਰਲੇਖ ਤੋਂ ਹੀ ਸਪਸ਼ਟ ਹੈ ਕਿ ਪੁਸਤਕ ਵਿੱਚਲੀ ਸਮੁੱਚੀ ਸਮਗਰੀ ਆਸਾ ਦੀ ਵਾਰ ਦਾ ਸਵਰਲਿਪੀਬੱਧ ਸੰਗ੍ਰਹਿ ਹੈ। ਲੇਖਕ ਨੇ ਪੁਸਤਕ ਵਿੱਚ ਗੁਰਮਤਿ ਸੰਗੀਤ ਦੇ ਸਿਧਾਂਤ ਅਨੁਸਾਰ ਆਸਾ ਦੀ ਵਾਰ ਨੂੰ 6 ਰਾਗਾਂ ਵਿੱਚ ਨਿਬੱਧ ਕੀਤਾ ਹੈ। ਆਸਾ ਦੀ ਵਾਰ ਵਿੱਚ ਪੁਰਾਤਨ ਪਰੰਪਰਾ ਅਨੁਸਾਰ ਛੱਕੇ ਅਤੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਸੀ, ਉਸੇ ਪਰੰਪਰਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਨੇ ਆਸਾ ਦੀ ਵਾਰ ਵਿੱਚ ਉਹਨਾਂ ਰਾਗਾਂ ਵਿੱਚ ਸ਼ਬਦਾਂ ਨੂੰ ਨਿਬੱਧ ਕੀਤਾ ਹੈ ਜਿਨ੍ਹਾਂ ਦਾ ਗਾਇਨ ਸਮਾਂ ਵੀ ਸਵੇਰ ਦਾ ਹੈ ਜਿਵੇਂ ਭੈਰਉ, ਰਾਮਕਲੀ , ਪ੍ਰਭਾਤੀ, ਲਲਿਤ, ਬਿਭਾਸ, ਅਸਾਵਰੀ, ਗੁਜਰੀ ਅਤੇ ਟੋਡੀ। ਆਸਾ ਦੀ ਵਾਰ ਉੱਪਰ ਲਿਖੀ ਗਈ ਇਹ ਪਹਿਲੀ ਨਿਵੇਕਲੀ ਦੇਣ ਹੈ ਇਸ ਤੋਂ ਪਹਿਲਾਂ ਕਿਸੇ ਵੀ ਲੇਖਕ ਨੇ ਅਜਿਹੇ ਮਹੱਤਵਪੂਰਨ ਕਾਰਜ ਨੂੰ ਨੇਪਰੇ ਚਾੜਨ ਦਾ ਹੌਂਸਲਾ ਨਹੀਂ ਕੀਤਾ। ਇਸ ਪੁਸਤਕ ਦੇ ਹੁਣ ਤੱਕ ਚਾਰ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਉਪਰੋਕਤ ਤੱਥਾਂ ਦੇ ਅਧਾਰ ਤੇ ਇਹ ਪੁਸਤਕ ਆਪਣੇ ਨਾਮ ਦੀ ਸਾਰਥਕਤਾ ਸਿੱਧ ਕਰਦੀ ਹੈ।

**ਗੁਰਮਤਿ ਸੰਗੀਤ ਸਾਗਰ** ਪੁਸਤਕ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਦੀ ਕ੍ਰਿਤ ਹੈ ਜਿਸਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ ਕਰਵਾਇਆ। ਇਸ ਸਿਰਲੇਖ ਹੇਠ ਪੁਸਤਕ ਦੇ ਚਾਰ ਭਾਗ (1993,2000) ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿੱਚੋਂ ਗੁਰਮਤਿ ਸੰਗੀਤ ਦੇ ਨਾਲ-ਨਾਲ ਭਾਰਤੀ ਸਾਸ਼ਤਰੀ ਸੰਗੀਤ ਦੀ ਵੀ ਵੱਡਮੁਲੀ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਦਾ ਭਾਗ ਪਹਿਲਾ ਗੁਰਬਾਣੀ ਸੰਗੀਤ ਦੀ ਗਾਇਨ ਵਿਧਾ ਆਸਾ ਦੀ ਵਾਰ ਉੱਪਰ ਅਧਾਰਿਤ ਹੈ। ਇਸ ਪੁਸਤਕ ਵਿੱਚ 14 ਰਾਗਾਂ ਦੇ ਖੋਜ ਲੇਖ, ਆਲਾਪ, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ 225 ਪ੍ਰਾਚੀਨ ਸ਼ਬਦ ਰੀਤਾਂ ਅਤੇ 22 ਪੜਤਾਲਾਂ ਨੂੰ ਲਿਪੀਬੱਧ ਕੀਤਾ ਹੈ। ਪੁਸਤਕ ਵਿੱਚ ਛੇ ਰਾਗਾਂ ਵਿੱਚ ਆਸਾ ਦੀ ਵਾਰ ਸਿਖਣ ਦਾ ਸਰਲ ਢੰਗ ਦਸਿਆ ਗਿਆ ਹੈ। ਗੁਰਮਤਿ ਸੰਗੀਤ ਦੇ ਨਾਲ-ਨਾਲ ਭਾਰਤੀ ਸੰਗੀਤ ਦੇ ਸਵਰ, ਸ਼ਰੁਤੀ, ਥਾਟ, ਸੰਗੀਤ ਦੀਆਂ ਦੋਵੇਂ ਸੰਗੀਤ ਪੱਧਤੀਆਂ ਅਤੇ ਗਾਇਕ ਦੇ ਗੁਣ ਅਤੇ ਅਵਗੁਣ ਨਾਮਕ ਵਿਸ਼ਿਆਂ ਨੂੰ ਛੁਹਿਆ ਹੈ।

ਗੁਰਮਤਿ ਸੰਗੀਤ ਸਾਗਰ ਭਾਗ ਦੂਜਾ ਦਾ ਪ੍ਰਕਾਸ਼ਨ ਸੰਨ 1996 ਵਿੱਚ ਸੁਰੂ ਹੋਇਆ ਅਤੇ ਸੰਨ 2000 ਵਿੱਚ ਪੂਰਾ ਹੋਇਆ। ਇਸ ਪੁਸਤਕ ਵਿੱਚ ਲੇਖਕ ਨੇ ਆਪਣੇ ਸਮੇਂ ਤੋਂ 40 ਸਾਲ ਪਹਿਲਾਂ ਤਕ ਦੀਆਂ ਸ਼ਬਦ ਰੀਤਾਂ ਨੂੰ ਲਿਪੀਬੱਧ ਕਰਨ ਦਾ ਸਰਾਹੁਣਯੋਗ ਉਪਰਾਲਾ ਕੀਤਾ ਹੈ। ਲੇਖਕ ਦਾ ਮੰਨਣਾ ਹੈ ਕਿ ਜਦੋਂ ਉਸਨੇ ਇਹਨਾਂ ਪ੍ਰਾਚੀਨ ਸ਼ਬਦ ਰੀਤਾਂ ਨੂੰ ਲਿਪੀਬੱਧ ਕਰਨ ਦਾ ਯਤਨ ਅਰੰਭਿਆ ਤਾਂ ਗਿਆਤ ਹੋਇਆ ਕਿ ਇਹਨਾਂ ਸ਼ਬਦ ਰੀਤਾਂ ਵਿੱਚ ਕੁਝ ਅਜਿਹੀਆਂ ਸ਼ਬਦ ਰੀਤਾਂ ਵੀ ਹਨ ਜੋ ਆਧੁਨਿਕ ਥਾਟ ਪ੍ਰਣਾਲੀ ਨਾਲ ਮੇਲ ਨਹੀਂ ਖਾਂਦੀਆਂ ਕਿਉਂਕਿ ਉਹਨਾਂ ਸ਼ਬਦ ਰੀਤਾਂ ਦੇ ਨਾਮ, ਥਾਟ, ਵਾਦੀ, ਸੰਵਾਦੀ ਆਦਿ ਵਿੱਚ ਵਖਰੇਵਾਂ ਹੈ, ਸੋ ਇਸ ਵਖਰੇਵੇਂ ਨੂੰ ਸਪਸ਼ਟ ਕਰਨ ਹਿੱਤ ਪਹਿਲਾਂ ਉਹਨਾਂ ਰਾਂਗਾਂ ਉਪਰ ਖੋਜ ਕਰਕੇ ਲੇਖ ਲਿਖੇ ਅਤੇ ਬਾਅਦ ਵਿੱਚ ਪ੍ਰਚਲਿਤ ਥਾਟ ਪੱਧਤੀ ਅਨੁਸਾਰ ਸ਼ਬਦ ਰੀਤਾਂ ਨੂੰ ਲਿਪੀਬੱਧ ਕੀਤਾ ਹੈ। ਆਰੰਭ ਵਿੱਚ ਲੇਖਕ ਨੇ ਸੜਜ ਗ੍ਰਾਮ, ਮਧਿਅਮ ਗ੍ਰਾਮ, ਗੰਧਾਰ ਗ੍ਰਾਮ ਅਤੇ 21 ਮੂਰਛਨਾਵਾਂ ਨਾਲ ਸਬੰਧਿਤ ਖੋਜ ਕਰਕੇ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਪ੍ਰਾਚੀਨ ਕਾਲ ਵਿੱਚ ਸ਼ੜਜ ਅਤੇ ਮਧਿਅਮ ਗ੍ਰਾਮ ਦੀਆਂ ਮੂਰਛਨਾਵਾਂ ਦੁਆਰਾ ਰਾਗ ਕਿਵੇਂ ਉਤਪੰਨ ਹੁੰਦੇ ਸਨ ? ਰਾਗਾਂ ਦੇ ਲਛਣ, ਥਾਟ ਪੱਧਤੀ ਦਾ ਵਿਕਾਸ, ਦੱਖਣੀ ਅਤੇ ਉੱਤਰੀ ਸੰਗੀਤ ਪੱਧਤੀ ਦੇ 12 ਸੁਰਾਂ ਤੋਂ 72 ਜਾਂ 32 ਥਾਟਾਂ ਦੀ ਉੱਤਪਤੀ

ਦਾ ਵਿਧਾਨ ਦਸਿਆ ਹੈ।ਪੁਸਤਕ ਵਿੱਚ 234 ਪ੍ਰਾਚੀਨ ਸ਼ਬਦ ਰੀਤਾਂ ਅਤੇ 13 ਨਵੀਨ ਪੜਤਾਲਾਂ ਜੋ ਕਿ 21 ਰਾਗਾਂ ਵਿੱਚ ਲਿਪੀਬੱਧ ਹਨ। ਹਰ ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਦਾ ਖੋਜ ਲੇਖ, ਆਲਾਪ, ਬੰਦਿਸ਼, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ ਬੰਦਿਸ਼ਾਂ ਦਾ ਸੰਗ੍ਰਹਿ ਕਰਕੇ ਗੁਰਮਤਿ ਸੰਗੀਤ ਸਾਗਰ ਦੇ ਰੂਪ ਵਿੱਚ ਸੰਗੀਤ ਜਗਿਆਸੂਆਂ ਨੂੰ ਅਰਪਣ ਕੀਤਾ ਹੈ।

ਗੁਰਮਤਿ ਸੰਗੀਤ ਸਾਗਰ ਭਾਗ ਤੀਜਾ ਦਾ ਪ੍ਰਕਾਸ਼ਨ ਸੰਨ 1993 ਵਿੱਚ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ ਕਰਵਾਇਆ। ਇਹ ਪੁਸਤਕ ਗੁਰਮਤਿ ਸੰਗੀਤ ਦੇ ਵੱਖ-ਵੱਖ ਪਹਿਲੂਆਂ ਦਾ ਬਹੁਮੁੱਲਾ ਸੰਗ੍ਰਹਿ ਹੈ। ਭਾਰਤੀ ਸੰਗੀਤ ਨੂੰ ਗੁਰਮਤਿ ਸੰਗੀਤ ਦਾ ਆਧਾਰ ਮੰਨਦੇ ਹੋਏ ਭਾਰਤੀ ਸੰਗੀਤ ਦਾ ਇਤਿਹਾਸ, ਸੰਗੀਤ ਦੀ ਉੱਤਪਤੀ, ਵੈਦਿਕ ਕਾਲ, ਬੁੱਧ ਕਾਲ, ਮੁਸਲਿਮ ਕਾਲ ਵਿੱਚ ਸੰਗੀਤ ਦਾ ਵਿਕਾਸ ਆਦਿ ਵਿਸ਼ਿਆਂ ਉੱਪਰ ਆਪਣੇ ਵਿਚਾਰ ਪੇਸ਼ ਕੀਤੇ ਹਨ। ਭਾਰਤੀ ਸੰਗੀਤ ਦੀਆਂ ਧਰੁਪਦ, ਧਮਾਰ, ਖਿਆਲ, ਟੱਪਾ, ਠੁਮਰੀ,ਤਰਾਨਾ, ਗਜ਼ਲ, ਕੱਵਾਲੀ ਅਤੇ ਚਤੁਰੰਗ ਗਾਇਨ ਸ਼ੈਲੀਆਂ ਦਾ ਇਤਿਹਾਸਿਕ ਵਿਵੇਚਨ ਵੀ ਕੀਤਾ ਗਿਆ ਹੈ। ਪੁਸਤਕ ਦੇ ਸਿਰਲੇਖ ਨੂੰ ਧਿਆਨ ਵਿੱਚ ਰੱਖਦੇ ਹੋਏ ਭਗਤੀ ਸੰਗੀਤ ਦੀਆਂ ਦੋ ਪ੍ਰਣਾਲੀਆਂ ਭਜਨ-ਕੀਰਤਨ ਅਤੇ ਸਾਸ਼ਤਰ ਬੱਧ-ਕੀਰਤਨ ਤੋਂ ਅਧਿਆਤਮਕ ਸ਼ਰੋਤਿਆਂ ਨੂੰ ਜਾਣੂੰ ਕਰਵਾਇਆ ਹੈ। ਇਸ ਪੁਸਤਕ ਵਿੱਚ ਲੇਖਕ ਨੇ ਗੁਰਮਤਿ ਸੰਗੀਤ ਅਤੇ ਸਾਸ਼ਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ, ਭਗਤੀ ਸੰਗੀਤ ਅਤੇ ਗੁਰਮਤਿ ਸੰਗੀਤ, ਗੁਰਮਤਿ ਸੰਗੀਤ ਦੇ ਸਾਜ, ਕੀਰਤਨ ਮਰਿਯਾਦਾ ਅਤੇ ਗੁਰਮਤਿ ਸੰਗੀਤ ਦੀ ਅਧੋਗਤੀ ਨਾਮੀ ਅਹਿਮ ਵਿਸ਼ਿਆਂ ਨੂੰ ਉਭਾਰਨ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿੱਚ 256 ਪ੍ਰਾਚੀਨ ਸ਼ਬਦ ਰੀਤਾਂ ਉਪਲੱਬਧ ਹਨ।ਕਈ ਬੰਦਿਸ਼ਾਂ ਭਾਰਤੀ ਸੰਗੀਤ ਦੇ ਰਾਗਾਂ ਜਿਵੇਂ ਭਟਿਆਰ, ਸ਼ੰਕਰਾ, ਸੋਹਨੀ, ਲਲਿਤ ਅਤੇ ਖਮਾਜੀ ਭਟਿਆਰ ਵਿੱਚ ਦਰਜ ਹਨ ਜਦਕਿ ਇਹ ਰਾਗ ਗੁਰਮਤਿ ਸੰਗੀਤ ਦੇ ਰਾਗ ਨਹੀਂ ਹਨ। ਹਰ ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਦਾ ਖੋਜ ਲੇਖ, ਆਲਾਪ, ਬੰਦਿਸ਼, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ ਬੰਦਿਸ਼ਾਂ ਦਾ ਸੰਗ੍ਰਹਿ ਮੌਜੂਦ ਹੈ। ਗੁਰਮਤਿ ਸੰਗੀਤ ਤੋਂ ਇਲਾਵਾ ਦੋ ਠੁਮਰੀਆਂ,ਇਕ ਗੁਲਦਸਤਾ ਲਿਪੀਬੱਧ ਹੈ।

ਹੱਥਲੀ ਪੁਸਤਕ ਦਾ ਸਿਰਲੇਖ ਗੁਰਮਤਿ ਸੰਗੀਤ ਸਾਗਰ ਹੈ। ਪੁਸਤਕ ਦੇ ਵਿਵੇਚਨਾਤਮਕ ਅਧਿਐਨ ਤੋਂ ਪੁਸਤਕ ਵਿਚਲੀ ਮੌਲਿਕਤਾ ਦਾ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ। ਗੁਰਮਤਿ ਸੰਗੀਤ ਸਾਗਰ ਪੁਸਤਕ ਗੁਰਮਤਿ ਸੰਗੀਤ ਨਾਲ ਸਬੰਧਿਤ ਰਾਗਾਂ ਦੀ ਨਵੀਂ ਖੋਜ ਤੇ ਅਧਾਰਿਤ ਹੈ ਜਿਸ ਵਿੱਚ ਲੇਖਕ ਨੇ ਸ਼ੜਜ ਗ੍ਰਾਮ, ਮਧਿਅਮ ਗ੍ਰਾਮ, ਗੰਧਾਰ ਗ੍ਰਾਮ ਅਤੇ 21 ਮੂਰਛਨਾਵਾਂ ਨਾਲ ਸਬੰਧਿਤ ਖੋਜ ਕਰਕੇ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਪ੍ਰਾਚੀਨ ਕਾਲ ਵਿੱਚ ਸ਼ੜਜ ਅਤੇ ਮਧਿਅਮ ਗ੍ਰਾਮ ਦੀਆਂ ਮੂਰਛਨਾਵਾਂ ਦੁਆਰਾ ਰਾਗ ਕਿਵੇਂ ਉਤਪੰਨ ਹੁੰਦੇ ਸਨ ? ਰਾਗਾਂ ਦੇ ਲਛਣ, ਥਾਟ ਪੱਧਤੀ ਦਾ ਵਿਕਾਸ, ਦੱਖਣੀ ਅਤੇ ਉੱਤਰੀ ਸੰਗੀਤ ਪੱਧਤੀ ਦੇ 12 ਸੁਰਾਂ ਤੋਂ 72 ਜਾਂ 32 ਥਾਟਾਂ ਦੀ ਉੱਤਪਤੀ ਦਾ ਵਿਧਾਨ ਦਸਿਆ ਹੈ। ਪੁਸਤਕ ਵਿੱਚ 234 ਪ੍ਰਾਚੀਨ ਸ਼ਬਦ ਰੀਤਾਂ ਅਤੇ 13 ਨਵੀਨ ਪੜਤਾਲਾਂ ਜੋ ਕਿ 21 ਰਾਗਾਂ ਵਿੱਚ ਲਿਪੀਬੱਧ ਹਨ।ਪੁਸਤਕ ਵਿੱਚ 256 ਪ੍ਰਾਚੀਨ ਸ਼ਬਦ ਰੀਤਾਂ ਹਨ (ਜੋਕਿ ਪੁਸਤਕ ਦੀ ਮੂਲ ਵਿਸੇਸ਼ਤਾ ਵੀ ਹੈ) ਜਿਹਨਾਂ ਨੂੰ ਸਾਂਭਣ ਦਾ ਮਹੱਤਵਪੂਰਨ ਉਪਰਾਲਾ ਲੇਖਕ ਦੀ ਅਣਥਕ ਮਿਹਨਤ ਨੂੰ ਦਰਸਾਉਂਦਾ ਹੈ।

**ਗੁਰਮਤਿ ਸੰਗੀਤ ਸਿੱਖਿਆ** ਪੁਸਤਕ ਪ੍ਰਿੰਸੀਪਲ ਦਿਆਲ ਸਿੰਘ ਨੇ ਸੰਗੀਤ ਦੀ ਆਰੰਭਿਕ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਮਨੋਬਲ ਨੂੰ ਧਿਆਨ ਵਿੱਚ ਰੱਖਕੇ ਰਚੀ ਹੈ। 144 ਪੰਨਿਆਂ ਦੀ ਇਸ ਪੁਸਤਕ ਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ 1996 ਵਿੱਚ ਕੀਤਾ। ਇਸ ਪੁਸਤਕ ਵਿੱਚ 124 ਸ਼ਬਦਾਂ ਨੂੰ 31 ਰਾਗਾਂ (ਰਾਗ ਬਿਲਾਵਲ, ਆਸਾ, ਭੂਪਾਲੀ, ਕਲਿਆਣ, ਸਾਰੰਗ, ਭੀਮਪਲਾਸੀ,

ਪਟਦੀਪ, ਤਿਲੰਗ, ਬਿਹਾਗ, ਦੁਰਗਾ, ਪਹਾੜੀ, ਹਮੀਰ, ਦੇਸ਼, ਛਾਇਆਨਟ, ਜਿਲਤਾ, ਕਾਫੀ, ਸ਼ਿਵਰੰਜਨੀ, ਬਾਗੇਸ੍ਰੀ, ਮਾਲਕੌਂਸ਼, ਕਾਨੜਾ, ਬਹਾਰ, ਬਸੰਤ, ਮਲਹਾਰ, ਦੇਵਗੰਧਾਰੀ, ਜੋਨਪੁਰੀ, ਭੈਰਵੀ, ਭੈਰਵ, ਅਹੀਰ ਭੈਰਓ, ਗੁਣਕਲੀ, ਗੁਜਰੀ ਅਤੇ ਟੋਡੀ) ਅਧੀਨ ਨਿਬੱਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਸਤਕ ਵਿੱਚ ਪ੍ਰਯੋਗ ਹੋਣ ਵਾਲੇ ਤਾਲਾਂ ਦੀ ਵੀ ਜਾਣਕਾਰੀ ਦਿੱਤੀ ਗਈ ਹੈ। ਸੰਗੀਤ ਸ਼ਾਸਤਰ ਦੇ ਪਰਿਭਾਸ਼ਿਕ ਸ਼ਬਦਾਂ ਨੂੰ ਵੀ ਪਰਿਭਾਸ਼ਿਤ ਕੀਤਾ ਹੈ।

ਗੁਰਮਤਿ ਸੰਗੀਤ ਸਿੱਖਿਆ ਪੁਸਤਕ ਦਾ ਪਹਿਲਾ ਪ੍ਰਕਾਸ਼ਨ 1996 ਵਿੱਚ ਹੋਇਆ ਜਿਸ ਵਿੱਚ ਪੁਸਤਕ ਦੀ 1000 ਕਾਪੀ ਰਿਲੀਜ ਕੀਤੀ ਗਈ। 1999 ਅਤੇ 2004 ਵਿੱਚ ਦੁਬਾਰਾ 2000 ਪੁਸਤਕਾਂ ਦਾ ਮੁੜ-ਪ੍ਰਕਾਸ਼ਨ ਕੀਤਾ ਗਿਆ ਜਿਸ ਤੋਂ ਹੱਥਲੀ ਪੁਸਤਕ ਦੀ ਮਹੱਤਤਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਹ ਪੁਸਤਕ ਸੰਗੀਤ ਦੀ ਮੁੱਢਲੀ ਸਿੱਖਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀਆਂ ਲਈ ਬਹੁਤ ਹੀ ਉਪਯੋਗੀ ਪੁਸਤਕ ਹੈ। ਪੁਸਤਕ ਦਾ ਲੇਖਕ ਭਾਰਤੀ ਸ਼ਾਸਤਰੀ ਸੰਗੀਤ ਦੇ ਸਿਧਾਂਤਾਂ ਦਾ ਧਾਰਨੀ ਹੈ ਕਿਉਂਕਿ ਲੇਖਕ ਨੇ ਗੁਰਬਾਣੀ ਦੇ ਸ਼ਬਦਾਂ ਨੂੰ ਭਾਰਤੀ ਸੰਗੀਤ ਦੇ ਰਾਗਾਂ ਅਧੀਨ ਹੀ ਸਵਰਲਿੱਪੀਬੱਧ ਕੀਤਾ ਹੈ। ਲੇਖਕ ਦੁਆਰਾ ਲਿੱਪੀਬੱਧ ਕੀਤੀਆਂ ਸ਼ਬਦ ਰੀਤਾਂ ਬਹੁਤ ਹੀ ਅਸਾਨ ਹਨ ਜਿਸ ਤੋਂ ਹਰ ਵਰਗ ਦਾ ਸੰਗੀਤ ਸਿੱਖਿਅਕ ਸੰਗੀਤ ਦੀ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਜਿਸ ਤੋਂ ਇਸ ਪੁਸਤਕ ਦੀ ਸਾਰਥਕਤਾ ਵੀ ਸਿੱਧ ਹੁੰਦੀ ਜਾਪਦੀ ਹੈ। ਪੁਸਤਕ ਵਿੱਚ 'ਜਿਲਤਾ' ਨਾਮਕ ਰਾਗ ਦੀ ਹੋਂਦ ਪ੍ਰਤੀਤ ਹੁੰਦੀ ਹੈ।

**ਮੁਖੀ, ਸੰਗੀਤ ਵਿਭਾਗ, ਗੁਰੂ ਨਾਨਕ ਪੋਸਟ ਗ੍ਰੈਜੂਏਟ ਕਾਲਜ, ਬੁਢਲਾਡਾ (ਮਾਨਸਾ)**




ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**

# ਤੇਰੇ ਵਾਂਗੂੰ ਵਿਸਾਖੀ ਨੂੰ ਕਿਸਨੇ ਮਨਾਉਣਾ

## ਪ੍ਰੋ: ਨਵ ਸੰਗੀਤ ਸਿੰਘ

ਵਿਸਾਖੀ ਸ਼ਬਦ 'ਵਿਸਾਖ' ਤੋਂ ਬਣਿਆ ਹੈ, ਜੋ ਨਾਨਕਸ਼ਾਹੀ ਸੰਮਤ ਦਾ ਦੂਜਾ ਮਹੀਨਾ ਹੈ। ਇਹ ਮਹੀਨਾ ਗਰਮੀਆਂ ਦੇ ਆਰੰਭ ਅਤੇ ਕਣਕ ਦੀ ਵਾਢੀ ਵੱਲ ਸੰਕੇਤ ਕਰਦਾ ਹੈ। ਵਿਸਾਖੀ ਦਾ ਤਿਉਹਾਰ ਪੁਰਾਤਨ ਕਾਲ ਤੋਂ ਹੀ ਮਨਾਇਆ ਜਾਂਦਾ ਹੈ, ਪਰ ਸਮੇਂ ਦੇ ਬਲਦਣ ਨਾਲ ਇਸ ਵਿਚ ਪਰਿਵਰਤਨ ਹੁੰਦਾ ਗਿਆ, ਜਿਸ ਵਿਚ ਕਈ ਧਾਰਮਿਕ ਤੇ ਇਤਿਹਾਸਕ ਕਥਾਵਾਂ ਵੀ ਜੁੜਦੀਆਂ ਗਈਆਂ। ਸਤਾਰ੍ਹਵੀਂ ਸਦੀ ਦੇ ਅੰਤ ਵਿਚ ਖਾਲਸਾ ਪੰਥ ਦੀ ਸਾਜਨਾ ਹੋਈ ਅਤੇ ਵੀਹਵੀਂ ਸਦੀ ਦੇ ਮੁੱਢ ਵਿਚ ਜਲ੍ਹਿਆਂ ਵਾਲਾ ਬਾਗ਼ ਦਾ ਸਾਕਾ (1919) ਵਿਚ ਵਾਪਰਿਆ।

1699 ਈ: ਦੀ ਵਿਖਾਖੀ ਇਸ ਤਿਉਹਾਰ ਨੂੰ ਨਵਾਂ ਰੂਪ ਪ੍ਰਦਾਨ ਕਰਦੀ ਹੈ। ਇਸ ਦਿਨ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਿਆਰੇ ਪੰਥ ਦੀ ਸਿਰਜਣਾ ਕੀਤੀ ਸੀ। ਗੁਰੂ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਦੁੱਤੀ ਬਲਿਦਾਨ (1675 ਈ:) ਨਾਲ ਠੱਲ੍ਹ ਨਹੀਂ ਪਾਈ ਜਾ ਸਕੀ। ਇਸ ਲਈ ਅਜਿਹੀਆਂ ਪਰਿਸਥਿਤੀਆਂ ਦਾ ਮੁਕਾਬਲਾ ਕਰਨ ਲਈ ਦੁਸ਼ਟ ਦਮਨ ਸਤਿਗੁਰੂ ਨੇ ਸਿਰਲੱਥ ਅਤੇ ਸਰਫਰੋਸ਼ ਪਰਵਾਨਿਆਂ ਦੀ ਉਸ ਸੂਰਬੀਰ ਅਤੇ ਸਰਦਾਰ ਖ਼ਾਲਸਾ ਕੌਮ ਨੂੰ ਪੈਦਾ ਕੀਤਾ, ਜਿਸਨੇ ਦੇਸ਼, ਧਰਮ ਅਤੇ ਕੌਮ ਦੀ ਖ਼ਾਤਰ ਜਾਨਾਂ ਵਾਰਨੀਆਂ ਆਪਣਾ ਮੁੱਖ ਉਦੇਸ਼ ਪ੍ਰਵਾਨ ਕਰ ਲਿਆ।

ਬੜੀ ਡੂੰਘੀ ਸੋਚ-ਵਿਚਾਰ ਪਿੱਛੋਂ ਸਰਬੰਸਦਾਨੀ ਗੁਰੂ ਨੇ ਫੈਸਲਾ ਕੀਤਾ ਕਿ ਉਹਨਾਂ ਦੇ ਸਿੱਖਾਂ ਨੂੰ ਹਥਿਆਬੰਦ ਹੋਣ ਅਤੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਲੜਨ-ਮਰਨ ਵਾਸਤੇ ਤਤਪਰ ਹੋਣ ਦੀ ਜ਼ਰੂਰਤ ਹੈ। 1699 ਈ: ਦੀ ਵਿਸਾਖੀ ਤੋਂ ਕਈ ਮਹੀਨੇ ਪਹਿਲਾਂ ਗੁਰੂ ਜੀ ਨੇ ਸਮੁੱਚੇ ਦੇਸ਼ਵਾਸੀਆਂ ਨੂੰ ਸੰਦੇਸ਼ ਭੇਜਿਆ ਕਿ ਉਹ ਵਿਸਾਖੀ ਵਾਲੇ ਦਿਨ (30 ਮਾਰਚ) ਆਪੋ-ਆਪਣੇ ਘੋੜਿਆਂ ਅਤੇ ਸ਼ਸਤਰਾਂ ਨਾਲ ਲੈਸ ਹੋ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਉਣ।

ਇਕ ਇਤਿਹਾਸਕ ਅਤੇ ਪ੍ਰਮਾਣਿਕ ਦਸਤਾਵੇਜ਼ ਮੁਤਾਬਕ ਉਸ ਵਿਸਾਖੀ 'ਤੇ ਅੱਸੀ ਹਜ਼ਾਰ ਤੋਂ ਵੱਧ ਲੋਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਕੱਠੇ ਹੋਏ। ਧਾਰਮਿਕ ਇਕੱਠ ਪੂਰੇ ਜੋਬਨ ਉੱਤੇ ਸੀ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥ ਵਿਚ ਨੰਗੀ ਸ਼ਮਸ਼ੀਰ ਲੈ ਕੇ ਮੰਚ ਉੱਤੇ ਹਾਜ਼ਰ ਹੋਏ। ਉਹਨਾਂ ਨੇ ਰੌਅਬਦਾਰ ਚਿਹਰੇ ਨਾਲ ਸੰਗਤਾਂ ਦੇ ਇਕੱਠ ਉੱਤੇ ਨਜ਼ਰ ਮਾਰੀ ਅਤੇ ਕੜਕਵੀਂ ਆਵਾਜ਼ ਵਿਚ ਕਿਹਾ ਕਿ ਉਹਨਾਂ ਨੂੰ ਇਕ ਸੀਸ ਦੀ ਲੋੜ ਹੈ। ਜੋ ਵਿਅਕਤੀ ਨੇਕ ਕਾਰਜ ਲਈ ਆਪਣੀ ਜਾਨ ਕੁਰਬਾਨ ਕਰ ਸਕਦਾ ਹੋਵੇ, ਉਹ ਸਾਹਮਣੇ ਆ ਜਾਵੇ। ਕੇਸਗੜ੍ਹ ਦੀ ਉੱਚੀ ਪਹਾੜੀ ਤੋਂ ਨੰਗੀ ਤਲਵਾਰ ਨਾਲ ਸੀਸ ਭੇਟ ਮੰਗ ਰਿਹਾ ਗੁਰੂ ਮੌਤ ਤੋਂ ਜੀਵਨ ਦੇਣ ਦਾ ਅਨੋਖਾ ਨੁਸਖਾ ਦੱਸ ਰਿਹਾ ਸੀ। ਉਹਨਾਂ ਨੇ ਐਲਾਨ ਕੀਤਾ :

ਜਿਨਕੀ ਜਾਤ ਔਰ ਕੁੱਲ ਮਾਹੀਂ, ਸਰਦਾਰੀ ਨਹਿੰ ਭਈ ਕਦਾਹੀਂ

ਉਨਹੀਂ ਕੋ ਸਰਦਾਰ ਬਣਾਵੇਂ, ਤਬੈ ਗੋਬਿੰਦ ਸਿੰਘ ਨਾਮ ਸਦਾਵੇਂ।

ਅਚਾਨਕ ਅਜਿਹੀ ਅਪੀਲ ਕਾਰਨ ਸੰਗਤ ਵਿਚ ਸੰਨਾਟਾ ਛਾ ਗਿਆ, ਪਰ ਫਿਰ ਹੌਸਲਾ ਕਰਕੇ ਲਾਹੌਰ ਦਾ ਇਕ ਯੁਵਕ ਦਇਆ ਰਾਮ ਖੜ੍ਹਾ ਹੋਇਆ ਅਤੇ ਉਸਨੇ ਲਾਸਾਨੀ ਸ਼ਹੀਦੀ ਲਈ ਆਪਣਾ ਆਪ ਨੂੰ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ। ਗੁਰੂ ਜੀ ਉਹਨੂੰ ਮੰਚ ਦੇ ਪਿੱਛੇ ਬਣੇ ਇਕ ਤੰਬੂ ਵਿਚ ਲੈ ਗਏ ਅਤੇ ਛੇਤੀ ਹੀ ਲਹੂ ਭਿੱਜੀ ਤਲਵਾਰ ਲੈ ਕੇ ਮੰਚ ਤੇ ਆਣ ਖੜ੍ਹੇ ਹੋਏ।

ਉਹਨਾਂ ਨੇ ਦੋਬਾਰਾ ਇਕ ਹੋਰ ਸਿਰ ਦੀ ਮੰਗ ਕੀਤੀ ਅਤੇ ਇਸ ਸਮੇਂ ਹਸਤਨਾਪੁਰ (ਦਿੱਲੀ) ਦੇ ਧਰਮਦਾਸ ਨੇ ਖੁਦ ਨੂੰ ਪੇਸ਼ ਕੀਤਾ। ਗੁਰੂ ਜੀ ਨੇ ਇਸ ਵਾਰ ਵੀ ਪਹਿਲਾਂ ਵਾਲਾ ਢੰਗ ਅਪਣਾਇਆ ਅਤੇ ਤੀਜੇ ਸੀਸ ਦੀ ਮੰਗ ਕੀਤੀ। ਸੰਗਤਾਂ ਭੈਅਭੀਤ ਹੋ ਕੇ ਖਿਸਕਣ ਲੱਗ ਪਈਆਂ ਅਤੇ ਕਈਆਂ ਨੇ ਮਾਤਾ ਗੁਜਰੀ ਜੀ ਕੋਲ ਜਾ ਕੇ ਗੁਰੂ ਜੀ ਦੀ ਸ਼ਿਕਾਇਤ ਵੀ ਕੀਤੀ।

ਤੀਜੀ ਵਾਗ ਜਗਨਨਾਥ ਪੁਰੀ (ਗੁਜਰਾਤ) ਦੇ ਹਿੰਮਤ ਰਾਏ ਨੇ ਹਿੰਮਤ ਕੀਤੀ। ਫਿਰ ਚੌਥੀ ਅਤੇ ਪੰਜਵੀਂ ਵਾਰ ਕ੍ਰਮਵਾਰ ਦੁਆਰਕਾ ਦਾ ਮੁਹਕਮ ਚੰਦ ਅਤੇ ਬਿਦਰ (ਆਂਧਰਾ ਪ੍ਰਦੇਸ਼) ਦੇ ਸਾਹਿਬ ਚੰਦ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਇਸ ਸਮੁੱਚੇ ਵਰਤਾਰੇ ਨੂੰ ਵਿਸਥਾਰ ਸਹਿਤ ਪ੍ਰਸਤੁਤ ਕੀਤਾ ਹੈ। ਇਸ 'ਚੋਂ ਕੁਝ ਪੰਕਤੀਆਂ ਪੇਸ਼ ਹਨ:

**ਸੀਸ ਵਾਲੇ ਸੀਸ ਅਰਪਨ ਵਾਸਤੇ, ਤਲਵਾਰ ਦੇ ਮੁਹਤਾਜ ਨਹੀਂ ਹੁੰਦੇ**
**ਚਮਤਕਾਰੀ ਨੇ ਆਪਣਾ ਸੀਸ, ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ**
**ਜਿਵੇਂ ਅੰਬਰ ਦੇ ਪੈਰੀਂ, ਨਿਤ ਸਵੇਰੇ ਆਪਣਾ, ਸੂਰਜ ਬਾਲ ਧਰਦਾ ਹੈ।**

ਜਿਉਂ ਹੀ ਇਹ ਪ੍ਰਕਿਰਿਆ ਸਮਾਪਤ ਹੋਈ ਦਸਮ ਪਾਤਸ਼ਾਹ ਇਹਨਾਂ ਪੰਜਾਂ ਮਰਜੀਵੜਿਆਂ ਨੂੰ ਜੀਵਤ ਰੂਪ ਵਿਚ ਸਟੇਜ ਤੇ ਲੈ ਕੇ ਪੇਸ਼ ਹੋਏ ਅਤੇ ਇਹਨਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਹੁਣ ਇਹ ਵਿਅਕਤੀ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੁਹਕਮ ਸਿੰਘ ਤੇ ਸਾਹਿਬ ਸਿੰਘ ਬਣ ਚੁੱਕੇ ਸਨ। ਇਹਨਾਂ ਨੂੰ 'ਪੰਜ ਪਿਆਰੇ' ਕਿਹਾ ਗਿਆ। ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਉਹਨਾਂ ਵਿਚੋਂ ਜਾਤ-ਪਾਤ, ਛੂਤ-ਛਾਤ, ਭੇਦ-ਭਾਵ, ਰੰਗ ਨਸਲ ਨੂੰ ਮਿਟਾ ਦਿੱਤਾ ਗਿਆ।

ਇਕੋ ਬਾਟੇ ਵਿਚੋਂ ਸਦੀਵੀ ਜੀਵਨ ਦੇਣ ਵਾਲੇ ਅੰਮ੍ਰਿਤ ਨੂੰ ਛਤ ਕੇ 'ਰੰਗਰੇਟੇ' ਸਚਮੁੱਚ 'ਗੁਰੂ ਕੇ ਬੇਟੇ' ਬਣ ਗਏ। ਹੁਣ ਉਹਨਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਅਤੇ ਵਾਸੀ ਆਨੰਦਪੁਰ ਸਾਹਿਬ ਹੋ ਚੁੱਕਾ ਸੀ। ਇਸ ਆਬੇ-ਹਯਾਤ ਨੇ ਚਿੜੀਆਂ ਤੋਂ ਬਾਜ਼ ਤੁੜਵਾਉਣ ਅਤੇ ਗਿੱਦੜਾਂ ਤੋਂ ਸ਼ੇਰ ਮਰਵਾਉਣ ਦੀ ਅਨੌਖੀ ਕਰਾਮਾਤ ਕਰ ਵਿਖਾਈ। ਬਕੌਲ ਸੰਤੋਖ ਸਿੰਘ ਧੀਰ :

**ਪਿਆਰੀਓ ਚਿੜੀਓ ! ਹੁਣ ਤਸੀਂ ਉਹ ਨਹੀਂ**
**ਖ਼ਾਲਸਾ ਮੇਰੋ ਰੂਪ ਹੈ ਖ਼ਾਸ**
**ਖ਼ਾਲਸੇ ਮਹਿ ਹਉ ਕਰੋ ਨਿਵਾਸ।**
**ਜਾਓ, ਬਾਜ਼ਾਂ ਦੇ ਖੰਭ ਤੋੜੋ।**

ਜਦੋਂ ਕੌਮ ਨਿਰਮਾਤਾ ਆਪਣੇ ਹੀ ਚੇਲਿਆਂ ਸਾਹਵੇਂ ਅੰਮ੍ਰਿਤ-ਅਭਿਲਾਖੀ ਹੋਣ ਲਈ ਬੇਨਤੀ ਕਰ ਰਿਹਾ ਸੀ, ਤਾਂ ਲੋਕਾਈ ਅਸ਼-ਅਸ਼ ਕਰ ਉੱਠੀ ਅਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦੀ ਧੁਨੀ ਨਾਲ ਧਰਤੀ ਆਕਾਸ਼ ਗੂੰਜ ਉੱਠੇ।

ਵੱਖ ਵੱਖ ਜਾਤੀਆਂ ਅਤੇ ਦੇਸ਼ ਦੇ ਵਿਭਿੰਨ ਖਿੱਤਿਆਂ ਤੋਂ ਆਏ ਇਹ ਪੰਜ ਪਿਆਰੇ ਹੁਣ ਸਭ

ਵਹਿਮਾਂ-ਭਰਮਾਂ ਅਤੇ ਮੱਤ-ਮਤਾਂਤਰਾਂ ਤੋਂ ਸ਼ੁੱਧ ਹੋ ਚੁੱਕੇ ਸਨ। ਹੁਣ ਉਹ ਇਕ ਭਾਈਚਾਰੇ 'ਖ਼ਾਲਸਾ ਪੰਥ' ਵਿਚ ਦਾਖਲ ਹੋ ਚੁੱਕੇ ਸਨ। ਜੋ ਮਨੁੱਖੀ ਭਾਈਚਾਰੇ, ਸਮਾਜਿਕ, ਧਾਰਮਿਕ ਅਤੇ ਅਧਿਆਤਮਕ ਬਰਾਬਰੀ ਉੱਤੇ ਆਧਾਰਤ ਸੀ। ਇਹਨਾਂ ਪੰਜ ਪਿਆਰਿਆਂ ਨੂੰ 'ਪੰਜ ਕਰਾਰ' (ਕਛਹਿਰਾ, ਕੜਾ, ਕਿਰਪਾਨ, ਕੰਘਾ, ਕੇਸ) ਧਾਰਨ ਕਰਨ ਦਾ ਆਦੇਸ਼ ਦਿੱਤਾ ਗਿਆ। ਨਵੇਂ ਪੰਥ ਵਿਚ ਪ੍ਰਵੇਸ਼ ਕਰਨ ਵਾਲੇ ਸਾਰੇ ਸਿੱਖਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਆਪਣਾ ਨਾਵਾਂ ਨਾਲ 'ਸਿੰਘ' ਅਤੇ 'ਕੌਰ' (ਕ੍ਰਮਵਾਰ ਆਦਮੀ ਅਤੇ ਔਰਤਾਂ) ਸ਼ਬਦਾਂ ਦੀ ਵਰਤੋਂ ਕਰਨ ਅਤੇ ਸਦਾਚਾਰਕ ਤੇ ਨੈਤਿਕ ਮਾਨਤਾਵਾਂ ਦੀ ਸਖ਼ਤੀ ਨਾਲ ਪਾਲਣਾ ਕਰਨ, ਜਿਸਨੂੰ ਰਹਿਤ-ਮਰਯਾਦਾ ਦਾ ਨਾਂ ਦਿੱਤਾ ਗਿਆ। ਉਹਨਾਂ ਨੂੰ 'ਸੰਤ ਸਿਪਾਹੀ' ਦੀ ਜ਼ਿੰਦਗੀ ਬਿਤਾਉਣ ਲਈ ਕਿਹਾ ਗਿਆ। ਉਹਨਾਂ ਨੂੰ ਇਹ ਵੀ ਦ੍ਰਿੜ ਕਰਵਾਇਆ ਗਿਆ ਕਿ ਉਹ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਅਤੇ ਹਮੇਸ਼ਾ 'ਚੜ੍ਹਦੀ ਕਲਾ' ਵਿਚ ਰਹਿਣ। ਫਾਰਸੀ ਦਾ ਇਕ ਸਮਕਾਲੀ ਇਤਿਹਾਸਕਾਰ ਗ਼ੁਲਾਮ ਮੁਹੱਈਉਦੀਨ ਲਿਖਦਾ ਹੈ ਕਿ 1699 ਈ: ਦੀ ਉਹ ਵਿਸਾਖੀ ਲਗਭਗ ਵੀਹ ਹਜ਼ਾਰ ਲੋਕਾਂ ਨੇ ਅੰਮ੍ਰਿਤਪਾਨ ਕੀਤਾ ਸੀ।

ਇਸਤੋਂ ਬਾਅਦ ਗੁਰੂ ਜੀ ਦਾ ਵਧੇਰੇ ਸਮਾਂ ਜੰਗਾਂ-ਯੁੱਧਾਂ ਵਿਚ ਬਤੀਤ ਹੋਇਆ। ਆਖਰ 1705 ਈ: ਵਿਚ ਆਪ ਚੌਧਰੀ ਡੱਬੇ ਦੀ ਤਲਵੰਡੀ ਆ ਬਿਰਾਜੇ, ਜਿਸਨੂੰ ਅੱਜ ਕੱਲ 'ਸਾਬੋ ਦੀ ਤਲਵੰਡੀ', 'ਤਲਵੰਡੀ ਸਾਬੋ' ਜਾਂ 'ਦਮਦਮਾ ਸਾਹਿਬ' ਜਿਹੇ ਨਾਂਵਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹ ਅਸਥਾਨ ਭਾਵੇਂ ਰੇਲਵੇ ਸਟੇਸ਼ਨ ਨਾਲ ਜੁੜਿਆ ਹੋਇਆ ਨਹੀਂ, ਪਰ ਤਾਂ ਵੀ ਇਥੇ ਸੰਗਤਾਂ ਦੀ ਆਮਦ ਹਮੇਸ਼ਾ ਬਣੀ ਰਹਿੰਦੀ ਹੈ। ਇਹ ਕਸਬਾ ਬਠਿੰਡਾ ਸ਼ਹਿਰ ਤੋਂ 28 ਕਿ: ਮੀ. ਅਤੇ ਰਾਮਾ ਤੋਂ 13 ਕਿ: ਮੀ. ਦੀ ਦੂਰੀ 'ਤੇ ਸਥਿਤ ਹੈ। ਜਿਥੋਂ ਬੱਸਾਂ ਰਾਹੀਂ ਸੌਖੇ ਢੰਗਾਂ ਨਾਲ ਬਿਤਾਇਆ। ਇਹ ਅਸਥਾਨ ਹੁਣ ਸਿੱਖ ਧਰਮ ਦੇ 'ਚੌਥੇ ਤਖਤ' ਵਜੋਂ ਪੂਰੀ ਦੁਨੀਆਂ ਵਿਚ ਵਿਖਿਆਤ ਹੈ। ਅੰਗਰੇਜ਼ ਲੇਖਕ ਡਾ: ਟਰੰਪ ਦੇ ਕਥਨ ਮੁਤਾਬਕ ਜਿੱਥੇ 1706 ਈ: ਵਿਚ ਗੁਰੂ ਜੀ ਨੇ ਕਰੀਬ ਸਵਾ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਸੀ, ਇਸ ਲਈ ਵਿਸਾਖੀ ਦਾ ਤਿਉਹਾਰ ਆਨੰਦਪੁਰ ਸਾਹਿਬ ਅਤੇ ਦਮਦਮਾ ਸਾਹਿਬ ਵਿਖੇ ਪੂਰੇ ਖਾਲਸਾਈ ਜਾਹੋ-ਜੱਲਾਲ ਅਤੇ ਧਾਰਮਿਕ ਰਵਾਇਤਾਂ ਅਨੁਸਾਰ ਮਨਾਇਆ ਜਾਂਦਾ ਹੈ। ਦਸਮੇਸ਼ ਪਿਤਾ ਦੀ ਨਿਰਾਖੀ ਵਿਖਾਖੀ ਬਾਰੇ ਇਹ ਕਾਵਿ ਪੰਕਤੀਆਂ ਕਿੰਨੀਆਂ ਪ੍ਰਾਸੰਗਿਕ ਹਨ:

**ਪਟਨਾ ਛੱਡ ਆਨੰਦਰ ਆਉਣਾ**
**ਪੰਜਾਬ ਦੀ ਧਰਤੀ ਨੂੰ ਭਾਗ ਲਾਉਣਾ**
**52 ਕਵੀਆਂ ਨਾਲ ਬੈਠ, ਉਸ ਅਕਾਲ ਪੁਰਖ ਦੀ ਗੀਤ ਗਾਉਣਾ**
**ਅੰਮ੍ਰਿਤ ਦੀ ਦਿਬ ਬੂੰਦ ਪਿਆ ਕੇ, ਚਿੜੀਆਂ ਨੂੰ ਬਾਜ਼ਾਂ ਨਾਲ ਲੜਾਉਣਾ।**
**ਤੇਰਾ ਅਜੀਬ ਜਲੌਅ ਹੈ, ਤੇਰਾ ਅਜੀਬ ਫਬੌਅ ਹੈ।**
**ਤੇਰਾ ਅਜੀਬ ਸੁਭਾਅ ਹੈ, ਤੂੰ ਵੱਖਰਾ ਹੈ ਸਭ ਤੋਂ**
**ਤੇਰੇ ਵਾਂਗੂੰ ਵਿਸਾਖੀ ਨੂੰ ਕਿਸ ਨੇ ਮਨਾਉਣਾ।**

**ਮੁਖੀ, ਪੋਸਟ ਗਰੈਜੂਏਟ, ਪੰਜਾਬੀ ਵਿਭਾਗ, ਗੁਰੂ ਕਾਂਸ਼ੀ ਕਾਲਜ, ਤਲਵੰਡੀ ਸਾਬੋ-151 302 (ਬਠਿੰਡਾ), ਮੋ: 9417692015**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**



# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਮਿਹਨਤ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

ਦਾਸ ਨੇ ਭਾਈ ਕਰਮ ਸਿੰਘ ਰਤਨ ਹੋਰਾਂ ਨੂੰ ਬਹੁਤ ਨੇੜਿਉਂ ਵੇਖਿਆ ਹੈ। ਮੇਰੇ ਵਾਸਤੇ ਉਹ ਵਾਕਈ ਇਕ ਬਹੁ ਪੱਖੀ ਸ਼ਖਸੀਅਤ ਹਨ ਜੋ ਕਿ ਇਕ ਮਹਾਨ ਸੰਗੀਤਕਾਰ, ਮਹਾਨ ਕੀਰਤਨੀਏ, ਮਹਾਨ ਵਿਆਖਿਆਕਾਰ ਅਤੇ ਗੁਰਬਾਣੀ ਦੀ ਰੀਤਾਂ ਧੁਨਾਂ ਦੇ ਬਾਦਸ਼ਾਹ, ਮਹਾਨ ਕਵੀ, ਸ਼ਾਇਰ ਚਿੱਤਰਕਾਰ, ਮਹਾਨ ਲੇਖਕ ਅਤੇ ਮਹਾਨ ਚਿੰਤਕ ਹਨ। ਇਹ ਉਪਰੋਕਤ ਜਿਹਨਾਂ ਦੇ ਅੰਦਰ ਮੌਜੂਦ ਹਨ, ਭਾਈ ਕਰਮ ਸਿੰਘ ਰਤਨ ਲੁਧਿਆਣਾ ਵਾਲੇ।

ਪੰਥ ਰਤਨ, ਗੁਰਮਤਿ ਦੇ ਮਹਾਨ ਮਾਰਤੰਡ, ਮਹਾਨ ਕਥਾ ਵਾਚਕ ਗਿ: ਸੰਤ ਸਿੰਘ ਮਸਕੀਨ ਸਾਹਿਬ ਜੀ, ਇਕ ਵਾਰ ਅਲਵਰ ਰਾਜਸਥਾਨ ਦੇ ਸਾਲਾਨਾ ਗੁਰਮਤਿ ਸਮਾਗਮ ਵਿਚ ਆਪਣੀ ਵਿਚਾਰ ਰੱਖ ਰਹੇ ਸਨ ਅਤੇ ਕੀਰਤਨ ਦੇ ਵਿਸ਼ੇ ਵਿਚ ਬੋਲ ਰਹੇ ਸਨ। ਉਸ ਕਥਾ ਵਿਚ ਉਹਨਾਂ ਨੇ ਇਹ ਵਿਚਾਰ ਰੱਖੇ ਕਿ ਕੀਰਤਨ ਉਸ ਨੂੰ ਕਹਿੰਦੇ ਹਨ ਜੋ ਸਰੋਤਿਆਂ ਦੇ ਮਨ ’ਤੇ ਗਹਿਰਾ ਅਸਰ ਕਰੇ ਅਤੇ ਸਰੋਤੇ ਅਤੇ ਵਕਤੇ ਦੀ ਬਿਰਤੀ ਇਕ ਹੋ ਜਾਏ। ਸਰੋਤੇ ਦਾ ਧਿਆਨ ਵਕਤੇ ਬੋਲਣ ’ਤੇ ਹੋਵੇ। ਸਰੋਤੇ ਦੀ ਬਿਰਤੀ ਆਸੇ ਪਾਸੇ ਨਾ ਭਟਕੇ, ਬਲਕਿ ਸਰੋਤੇ ਦਾ ਧਿਆਨ ਹੋਰ ਪਾਸੇ ਜਾ ਹੀ ਨਾ ਸਕੇ। ਉਸ ਨੂੰ ਸਹੀ ਅਤੇ ਸਫਲ ਰਾਗੀ ਜਾਂ ਕੀਰਤਨੀਆਂ ਕਿਹਾ ਜਾ ਸਕਦਾ ਹੈ। ਐਸਾ ਪ੍ਰਭਾਵਸ਼ਾਲੀ ਕੀਰਤਨ ਕਰਨ ਵਾਲੇ ਬਹੁਤ ਘਟ ਕੀਰਤਨੀਏ ਹਨ ਜੋ ਕਿ ਉਂਗਲਾਂ ’ਤੇ ਗਿਣੇ ਜਾ ਸਕਦੇ ਹਨ। ਐਸੇ ਕੀਰਤਨੀਆਂ ਵਿਚੋਂ ਇਕ ਹਨ ਭਾਈ ਸਾਹਿਬ ਕਰਮ ਸਿੰਘ ਰਤਨ ਜੀ ‘ਰਤਨ’ ਲੁਧਿਆਣੇ ਵਾਲੇ।

ਦਾਸ ਲੇਖਕ-ਗੁਰਮੀਤ ਸਿੰਘ ਜੋਸ਼ ਉਸ ਵੇਲੇ ਆਪ ਮਸਕੀਨ ਜੀ ਦੇ ਸਾਹਮਣੇ ਬੈਠ ਕੇ ਉਹਨਾਂ ਦੀ ਇਹ ਕਥਾ ਵਿਚਾਰ ਸੁਣ ਰਿਹਾ ਸੀ ਅਤੇ ਜਦੋਂ ਮਸਕੀਨ ਜੀ ਨੇ ਇਹ ਬਚਨ ਸੁਣਾਏ, ਉਹਨਾਂ ਦਿਨਾਂ ਵਿਚ ਮੈਂ ਭਾਈ ਕਰਮ ਸਿੰਘ ਰਤਨ ਜੀ ਨਾਲ ਹੀ ਤਬਲੇ ਦੀ ਸੰਗਤ ਕਰਦਾ ਹੁੰਦਾ ਸੀ। ਜਿਸ ਵੇਲੇ ਮਸਕੀਨ ਸਾਹਿਬ ਜੀ ਨੇ ਰਤਨ ਜੀ ਦੇ ਸੰਬੰਧ ਵਿਚ ਇਹ ਗੱਲ ਕਹੀ ਤਾਂ ਮੈਂ ਸੋਚਣ ’ਤੇ ਮਜ਼ਬੂਰ ਹੋ ਗਿਆ ਕਿ ਮਸਕੀਨ ਜੀ ਨੇ ਰਤਨ ਜੀ ਬਾਰੇ ਜੋ ਬਚਨ ਕਹੇ ਹਨ ਇਹ ਬਿਲਕੁਲ ਸੱਚ ਅਤੇ ਸਹੀ ਕਹੇ ਹਨ। ਭਾਈ ਕਰਮ ਸਿੰਘ ਰਤਨ ਜੀ ਦੇ ਕੀਰਤਨ ਵਿਚ ਜੋ ਰਸ ਸੀ,

ਆਨੰਦ ਸੀ। ਇਹ ਰਸ ਅਤੇ ਆਨੰਦ ਕਿਸੇ ਹੋਰ ਕੀਰਤਨੀਆਂ ਵਿਚ ਬਹੁਤ ਘੱਟ ਦੇਖਿਆ ਹੈ।

ਹਾਲਾਂ ਕਿ ਦਾਸ ਨੇ ਬਹੁਤ ਚੰਗੇ ਸਿਆਣੇ ਕੀਰਤਨੀਆਂ ਨਾਲ ਤਬਲੇ ਦੀ ਸੰਗਤ ਵੀ ਕੀਤੀ ਹੈ। ਨਾਮੀ ਰਾਗੀ ਸੁਣੇ ਹਨ, ਉਹਨਾਂ ਵਿਚ ਸੰਗੀਤ ਦੀ ਕਲਾ ਤਾਂ ਹੈ। ਹੁਣ ਵੀ ਹੈ ਪਰ ਜਿਸ ਨੂੰ ਸੰਗੀਤ ਤੇ ਕੀਰਤਨੀ ਦੀ ਮਸਤੀ ਤੇ ਰਸ ਅਤੇ ਆਨੰਦ ਕਿਹਾ ਜਾਂਦਾ ਹੈ, ਉਹ ਦੇਖਣ ਵਿਚ ਨਹੀਂ ਆਂਵਦੀ। ਹਾਲਾਂ ਕਿ ਦਾਸ ਖੁਦ ਵੀ ਕੀਤਨੀਆਂ ਦੇ ਘਰਾਨੇ ਵਿਚੋਂ ਹੈ। ਦਾਸ ਦੇ ਪਿਤਾ ਜੀ ਗਿ: ਜਸਵੰਤ ਸਿੰਘ ਜੋਸ਼, ਜੋ ਕਿ ਪੰਜਾਬ ਦੇ ਮੰਨੇ ਪ੍ਰਮੰਨੇ ਢਾਡੀ ਜੱਥਿਆਂ ਵਿਚੋਂ ਇਕ ਮਸ਼ਹੂਰ ਢਾਡੀ ਸਨ। ਅੱਗੋਂ ਉਹਨਾਂ ਦੇ ਸਾਹਮਣੇ ਸਾਰੇ ਬੱਚੇ ਰਾਗੀ ਅਤੇ ਕੀਰਤਨ ਲਾਈਨ ਵਿਚ ਹਨ। ਮੇਰੇ ਵੱਡੇ ਭਰਾ ਭਾਈ ਇੰਦਰਜੀਤ ਸਿੰਘ ਨੂਰ, ਜੋ ਸਾਬਕਾ ਹਜ਼ੂਰੀ ਰਾਗੀ ਤਖਤ ਸ੍ਰੀ ਪਟਨਾ ਸਾਹਿਬ ਦੇ ਬਹੁਤ ਸੁਲਝੇ ਹੋਏ ਕੀਰਤਨੀਏ ਸਨ ਅਤੇ ਕਲਾਸੀਕਲ ਗਾਇਕੀ ਦੇ ਮਾਹਿਰ ਅਤੇ ਉਸਤਾਦ ਰਾਗੀ ਸਨ, ਦਾਸ ਨੇ ਉਹਨਾਂ ਤੋਂ ਹੀ ਤਬਲੇ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਦਾਸ ਨੇ ਹੋਰ ਨਾਮਵਰ ਰਾਗੀ ਸਿੰਘਾਂ ਨਾਲ ਤਬਲੇ ਦੀ ਸੰਗਤ ਕੀਤੀ ਹੈ। ਜਿਹਨਾਂ ਵਿਚ ਭਾਈ ਕਲਿਆਨ ਸਿੰਘ ਜੀ ਲਖਨਊ ਵਾਲੇ, ਭਾਈ ਇੰਦਰਜੀਤ ਸਿੰਘ ਨੂਰ ਅਤੇ ਭਾਈ ਕਲਿਆਨ ਸਿੰਘ ਜੀ ਬਹੁਤ ਸੁਲਝੇ ਹੋਏ ਕੀਤਰਨੀਏ ਸਨ ਅਤੇ ਇਸੇ ਕਰਕੇ ਭਾ. ਕਰਮ ਸਿੰਘ ਜੀ ਵਾ ਭਾ. ਕਲਿਆਨ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ, ਪਰ ਕਲਿਆਨ ਸਿੰਘ ਜੀ ਵੀ ਭਾਈ ਕਰਮ ਸਿੰਘ ਰਤਨ ਜੀ ਦਾ ਕੀਰਤਨ ਸੁਣ ਕੇ ਇਹ ਕਹਿਣ ਲਈਮਜ਼ਬੂਰ ਹੋ ਜਾਂਦੇ ਸਨ ਕਿ ਰਤਨ ਜੀ ਯਾਰ ਜੋ ਤੂੰ ਕੀਰਤਨ ਵਿਚ ਰਸ ਤੇ ਕਲਾ ਦਿਖਾ ਦਿੰਦਾ ਹੈ, ਯਾਰ ਇਹ ਸਾਡੇ ਕੋਲ ਨਹੀਂ ਹੁੰਦਾ।

ਪਾਠਕ ਸੱਜਣੋ ਮੈਂ ਭਾਵਨਾ ਵਿਚ ਵਹਿ ਕੇ ਇਹ ਅਤਿਕਥਨੀ ਨਹੀਂ ਕਰ ਰਿਹਾ ਬਲਕਿ ਆਪਣੀ ਅੱਖਾਂ ਨਾਲ ਜੋ ਕੁਝ ਦੇਖਿਆ ਹੈ, ਸਿਰਫ ਉਹੀ ਲਿਖ ਰਿਹਾ ਹਾਂ। ਮੈਂ ਸੰਨ 1994-1 ਮਾਰਚ ਤੋਂ ਲੈ ਕੇ 4 ਅਕਤੂਬਰ ਸੰਨ 2001 ਤੱਕ ਤਕਰਬੀਨ 7 ਸਾਲ ਭਾਈ ਕਰਮ ਸਿੰਘ ਰਤਨ ਜੀ ਨਾਲ ਤਬਲੇ ਤੇ ਸੰਗਤ ਕੀਤੀ ਅਤੇ ਇਤਨੇ ਸਮੇਂ ਵਿਚ ਮੈਂ ਭਾਈ ਕਰਮ ਸਿੰਘ ਰਤਨ ਜੀ ਨੂੰ ਨੇੜਿਉਂ ਹੋ ਕੇ ਵੇਖਿਆ ਤੇ ਜਾਣਿਆ, ਉਹੀ ਸੱਚਾਈ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਸੋ ਪਹਿਲਾਂ ਮੈਂਉਹ ਘਟਨਾਵਾਂ ਲਿਖਾਂਗਾ ਜੋ ਮੇਰੇ ਸਾਹਮਣੇ ਵਾਪਰੀਆਂ ਤੇ ਬਾਅਦ ਵਿਚ ਮੈਂ ਉਹ ਲਿਖਾਂਗਾ ਜੋ ਮੇਰੇ ਤੋਂ ਪਹਿਲੇ ਅਤੇ ਮੇਰੇ ਤੋਂ ਬਾਅਦ ਵਾਪਰੀਆਂ ਜਾਂ ਰਤਨ ਜੀ ਨੇ ਮੈਨੂੰ ਆਪ ਦੱਸੀਆਂ ਜਾਂ ਮੈਨੂੰ ਹੋਰ ਲੋਕਾਂ ਪਾਸੋਂ ਪਤਾ ਲੱਗੀਆਂ।

ਰਤਨ ਜੀ ਵਿਚ ਪਹਿਲੀ ਗੱਲ ਮੈਂ ਇਹ ਵੇਖੀ ਕਿ ਭਾਈ ਕਰਮ ਸਿੰਘ ਰਤਨ ਦਿਲ ਦੇ ਬਿਲਕੁਲ ਸਾਫ, ਸ਼ੀਸ਼ੇ ਵਰਗਾ ਰਿਹਦਾ, ਕੋਈ ਵੀ ਉਹਨਾਂ ਨੂੰ ਪੜ੍ਹ ਸਕਦਾ ਹੈ, ਨਿਸ਼ ਕਪਟ, ਕਿਸੇ ਦੁਸ਼ਮਨ ਦੇ ਬਾਰੇ ਵੀ ਦਿਲ ਵਿਚ ਕਪਟ ਨਹੀਂ ਅਤੇ ਨਿਰਲੋਭੀ, ਨਿਰਵੈਰ ਹਰ ਕਿਸੇ ਦਾ ਭਲਾ ਹੀ ਸੋਚਣਾ ਅਤੇ ਕਿਸੇ ਦਾ ਭੁੱਲ ਕੇ ਵੀ ਪੈਸਾ ਨਹੀਂ ਮਾਰਨਾ ਅਤੇ ਸਾਥੀਆਂ ਦਾ ਖਾਸ ਕਰਕੇ ਪੂਰਾ ਹਿਸਾਬ ਦੇਣਾ। ਸਾਥੀਆਂ ਨਾਲ ਬਹੁਤ ਅੱਛਾ ਵਰਤਾਉ ਤੇ ਸਾਥੀਆਂ ਨੂੰ ਖੁਸ਼ ਰੱਖਣਾ ਤੇ ਆਪ ਭਾਵੇਂ ਘਾਟਾ ਖਾ ਲੈਣ, ਪਰ ਸਾਥੀਆਂ ਨਾਲ ਤੈਅ ਕੀਤਾ ਹੋਇਆ ਪੂਰਾ ਹਿੱਸਾ ਦੇਣਾ। ਚੁਟਕਲੇ ਸੁਣਾ ਸੁਣਾ ਸਾਥੀਆਂ ਨੂੰ ਹਸਾਂਦੇ ਰਹਿਣਾ ਅਤੇ ਮੈਂ ਤਾਂ ਬਹੁਤ ਰਾਗੀਆਂ ਨਾਲ ਰਿਹਾ ਹਾਂ, ਬੜੇ ਰਾਗੀ ਵੇਖੇ ਹਨ ਜੋ ਕਿ ਆਪਣੇ ਹੀ ਸਾਥੀਆਂ ਨੂੰ ਪੂਰੇ ਪੈਸੇ ਨਹੀਂ ਦਿੰਦੇ। ਸਾਥੀਆਂ ਦੇ ਹੀ ਪੈਸੇ ਖਾ ਜਾਂਦੇ ਹਨ ਅਤੇ ਕਈ ਰਾਗੀ ਐਸੇ ਵੀ ਦੇਖੇ ਹਨ ਕਿ ਸਾਥੀਆਂ ਨੂੰ ਤਨਖਾਹ ਤੇ ਹੀ ਰੱਖ ਲੈਂਦੇ ਹਨ। ਆਪ ਜੋ ਮਰਜ਼ੀ ਹੈ ਲੋਕਾਂ ਪਾਸੋਂ ਭੇਟਾ ਲੈ ਲੈਣ,

ਪਰ ਸਾਥੀਆਂ ਨੂੰ ਤਢਲਾਹ ਹੀ ਦੇਣੀ ਹੈ ਅਤੇ ਕਈ ਰਾਗੀ ਜੱਥੇਦਾਰ ਸਾਥੀਆਂ ਨੂੰ ਲੇਬਰ ਕਹਿੰਦੇ ਵੀ ਸੁਣੇ ਗਏ ਹਨ। ਸੋ ਐਸੇ ਰਾਗੀ ਜੱਥੇਦਾਰਾਂ ਨਾਲ ਫਿਰ ਸਾਥੀ ਕੰਮ ਵੀ ਖਾਨਾ ਪੂਰਤੀ ਵਾਲਾ ਹੀ ਕਰਦੇ ਹਨ।

ਸਭ ਤੋਂ ਵੱਡੀ ਖਾਸ ਗੱਲ ਇਹ ਹੈ ਰਤਨ ਜੀ ਦੀ ਕਿ ਰਤਨ ਜੀ ਰਾਤ ਨੂੰ ਭਾਵੇਂ ਕਿਤਨੀ ਵੀ ਦੇਰ ਨਾਲ ਸੌਣ ਪਰ ਸਵੇਰੇ 4 ਵਜੇ ਅੰਮ੍ਰਿਤ ਵੇਲੇ ਹਰ ਹਾਲਤ ਵਿਚ ਜਾਗ ਜਾਣਾ ਅਤੇ ਇਸ਼ਨਾਨ ਦਾ ਕਦੇ ਵੀ ਨਾਗਾ ਨਹੀਂ ਪੈਣ ਦੇਣਾ। ਇਸ਼ਨਾਨ ਤੋਂ ਪਹਿਲਾਂ ਘੱਟੋ ਘੱਟ ਅੱਧਾ ਜਾਂ ਪੌਣਾ ਘੰਟਾ ਸਮਾਧੀ ਲਾ ਕੇ ਸਿਮਰਨ ਕਰਨਾ। ਉਸ ਤੋਂ ਬਾਅਦ ਇਸ਼ਨਾਨ ਕਰ ਕੇ ਫਿਰ ਨਿਤਨੇਮ ਕਰਨਾ ਜੋ ਕਿ ਪੂਰੇ ਢਾਈ ਘੰਟੇ ਦਾ ਆਪ ਜੀ ਦਾ ਨਿਤਨੇਮ ਹੈ। ਭਾਵੇਂ ਕੁਛ ਵੀ ਹੋ ਜਾਵੇ, ਨਿਤਨੇਮ ਦਾ ਕਦੇ ਵੀ ਨਾਗਾ ਨਹੀਂ ਪੈਣ ਦੇਣਾ। ਆਪ ਜੀ ਦੱਸਦੇ ਹਨ ਕਿ ਤੇਰਾ ਚੌਦਾਂ ਸਾਲ ਦੀ ਉਮਰ ਵਿਚ ਪਿਤਾ ਜੀ ਨੇ ਅੰਮ੍ਰਿਤ ਛਕਵਾ ਦਿੱਤਾ ਸੀ। ਉਸ ਤੋਂ ਬਾਅਦ ਅੱਜ ਤਕ ਕਦੇ ਵੀ ਨਿਤਨੇਮ ਵਿਚ ਨਾਗਾ ਨਹੀਂ ਪਿਆ। ਨਿਤਨੇਮ ਵਿਚ ਜੋ ਜੋ ਬਾਣੀਆਂ ਆਪ ਜੀ ਪੜ੍ਹਦੇ ਹਨ, ਉਹਨਾਂ ਵਿਚ ਜਪੁਜੀ ਸਾਹਿਬ, ਜਾਪ ਸਾਹਿਬ, ਸਵੇਯੈ, ਚੌਪਹੀ, ਅਨੰਦ ਸਾਹਿਬ, ਸੁਖਮਨੀ ਸਾਹਿਬ, ਅਕਾਲ ਉਸਤਤਿ, 33 ਸਵੇਯੈ ਪਾ 10, ਅਤੇ 15 ਤੋਂ 20 ਯਬਦਾਂ ਦਾ ਪਾਠ, ਸਵੇਯੈ ਪੱਟਾਂ ਦੇ ਅਤੇ ਰਹਿਰਾਸ ਅਤੇ ਸੋਹਿਲਾ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਜੀ ਔਖੀਆਂ ਬਾਣੀਆਂ ਔਖੇ ਸ਼ਬਦ ਆਪ ਜੀ ਨੂੰ ਮੂੰਹ ਜ਼ੁਬਾਨੀ ਯਾਦ ਸਨ ਜਿਵੇਂ ਕਿ ਜੈਤਸਰੀ ਦੀ ਵਾਰ। ਸੰਸਕ੍ਰਿਤ ਦਾ ਪੂਰਾ ਪਾਠ ਭੱਟਾਂ ਦੇ ਸਵੱਈਏ ਅਤੇ ਘੱਟ ਤੋਂ ਘੱਟ ਪੰਜ ਹਜ਼ਾਰ ਗੁਰਬਾਣੀ ਦੇ ਸ਼ਬਦ ਸਭ ਮੂੰਹ ਜ਼ੁਬਾਨੀ ਯਾਦ ਹਨ।

(ਚਲਦਾ)

**42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ, ਨਵੀਂ ਦਿੱਲੀ 110041, ਮੋਬਾ : 09968231247**


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop

THE AROMA

Premium Event Centre
Millennium Centre
Deliberations
Abhinandan
Exporama
Mind Set
Art Craft

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਭਾਈ ਬਖਸ਼ੀਸ਼ ਸਿੰਘ

ਹਰਸਿਮਰਨ ਕੌਰ

ਪਟਿਆਲਾ ਦੇ ਭਾਈ ਬਖਸ਼ੀਸ਼ ਸਿੰਘ ਸਿੱਖ ਜਗਤ ਵਿਚ ਕੀਰਤਨਕਾਰ ਵਜੋਂ ਬਹੁਤ ਪ੍ਰਸਿੱਧ ਹੋਏ। ਭਾਈ ਬਖਸ਼ੀਸ਼ ਸਿੰਘ ਆਪਣੀ ਬੁ ਦ ਆਵਾਜ਼ ਵਜੋਂ ਨਵੇਕਲੀ ਪਹਿਚਾਣ ਰੱਖਦੇ ਹਨ।

ਜਨਮ : ਭਾਈ ਬਖਸ਼ੀਸ਼ ਸਿੰਘ ਦਾ ਜਨਮ 29 ਜੂਨ 1933 ਈ. ਨੂੰ ਪਿੰਡ ਮੱਖਣ ਵਿੰਡੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ ਭਾਈ ਕਿਰਪਾਲ ਸਿੰਘ ਅਤੇ ਮਾਤਾ ਦਾ ਨਾਮ ਸੁਲੱਖਣੀ ਸੀ। ਆਪ ਦੇ ਪਿਤਾ ਉੱਚ ਕੋਟੀ ਦੇ ਕੀਰਤਨਕਾਰ ਸਨ।

ਸੰਗੀਤ ਦੀ ਤਾਲੀਮ ਭਾਈ ਬਖਸ਼ੀਸ਼ ਸਿੰਘ ਨੇ ਕਿਸੀ ਤੋਂ ਵੀ ਵਿਧੀ-ਵਿਧਾਨ ਪੂਰਬਕ ਕਿਸੇ ਸੰਸਥਾ ਜਾਂ ਵਿਦਿਆਲੇ ਵਿਚੋਂ ਨਹੀਂ ਹੋਈ, ਬਲਕਿ ਸੰਗੀਤ ਦੀ ਸਿਖਿਆ ਇਨ੍ਹਾਂ ਨੂੰ ਆਪਣੇ ਪਿਤਾ ਅਤੇ ਦਾਦਾ ਜੀ ਤੋਂ ਵਿਰਸੇ ਵਿਚ ਪ੍ਰਾਪਤ ਹੋਈ। ਭਾਈ ਨਿਰਮਲ ਸਿੰਘ ਦੇ ਸ਼ਬਦਾਂ ਵਿਚ : "ਇਕ ਵਾਰ ਬਾਲ ਅਵਸਥਾ ਵਿਚ ਭਾਈ ਬਖਸ਼ੀਸ਼ ਸਿੰਘ ਆਪਣੇ ਪਿਤਾ ਜੀ ਅਤੇ ਦਾਦਾ ਜੀ ਨਾਲ ਕੀਰਤਨ ਕਰਦਿਆਂ 'ਹਰਖੋਵਾਲ' ਦੇ ਪ੍ਰਸਿੱਧ ਗੁਰਦੁਆਰੇ ਵਿਚ ਕੀਰਤਨ ਕਰਦਿਆਂ ਜਦੋਂ ਇਹ ਸ਼ਬਦ "ਮਾਈ ਗੁਰ ਚਰਣੀ ਚਿਤੁ ਲਾਈਐ" ਪੜ੍ਹਿਆ ਤਾਂ ਸੰਤ ਬਾਬਾ ਖੜਗ ਸਿੰਘ ਉਨ੍ਹਾਂ ਤੋਂ ਇਤਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਥਾਪੜਾ ਦਿੰਦਿਆਂ ਇਹ ਗੱਲ ਆਖੀ ਸੀ ਉਹ ਦਿਨ ਦੂਰ ਨਹੀਂ ਜਦੋਂ ਪੰਥ ਦੇ ਵੱਡੇ ਕੀਰਤਨਕਾਰ ਬਣ ਜਾਓਗੇ, ਬੱਸ ਮਿਹਨਤ ਨਾ ਛੱਡੀ।" ਇਸ ਤੋਂ ਬਾਅਦ ਭਾਈ ਸਾਹਿਬ ਜੀ ਨੇ ਆਪਣੇ ਪਿਤਾ ਜੀ ਤੇ ਦਾਦਾ ਜੀ ਦੀ ਦੇਖ-ਰੇਖ ਵਿਚ ਸੰਗੀਤ ਵਿਦਿਆ ਦੀ ਸਾਧਨਾ ਕਰਨੀ ਆਰੰਭ ਕਰ ਦਿੱਤੀ ਅਤੇ ਨਾਲ ਹੀ ਗੁਰਬਾਣੀ ਸੰਥਿਆ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਰਾਗੀ ਭਾਈ ਰਣਜੀਤ ਸਿੰਘ ਜੀ ਕੋਲੋਂ ਪ੍ਰਾਪਤ ਕੀਤੀ।[3] ਜਿਸ ਸਮੇਂ ਭਾਈ ਬਖਸ਼ੀਸ਼ ਸਿੰਘ ਕੀਰਤਨ ਕਰਦੇ ਸਨ ਤਾਂ ਇਨ੍ਹਾਂ ਦੇ ਗੁਰਬਾਣੀ ਸ਼ਬਦ ਉਚਾਰਣ ਵਿਚ ਇਤਨਾ ਮਿਠਾਸ ਸੀ ਕਿ ਸਹਿਜਤਾ ਨਾਲ ਸੰਗਤਾਂ ਦੇ ਦਿਲ ਨੂੰ ਛੂ ਜਾਂਦੀ ਸੀ। ਭਾਈ ਬਖਸ਼ੀਸ਼ ਸਿੰਘ ਦੇ ਸਰੋਤਿਆਂ ਦੀ ਗਿਣਤੀ ਵਿਚ ਸਾਧਾਰਨ ਸੰਗਤਾਂ ਤੋਂ ਲੈ ਕੇ ਵੱਡੇ-ਵੱਡੇ ਰਜਵਾੜਿਆਂ, ਜਾਗੀਰਦਾਰਾਂ, ਸਰਮਾਏਦਾਰਾਂ, ਰਾਜਿਆਂ, ਮਹਾਰਾਜਿਆਂ ਅਤੇ ਸਰਕਾਰ ਦਰਬਾਰ ਤੱਕ ਦੇ ਸਰੋਤਿਆਂ ਤੱਕ ਸੀ। ਸ੍ਰੀ ਮਾਨ ਸੰਤ ਬਾਬਾ ਫਤਹਿ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਆਪ ਨੂੰ ਵਿਸ਼ੇਸ਼ ਮਾਣ ਦਿੰਦੇ ਰਹੇ।[4] ਭਾਈ ਬਖਸ਼ੀਸ਼ ਸਿੰਘ ਇਹਨਾਂ ਸਨਮਾਨਾਂ ਦੀ ਚਾਹਤ ਤੋਂ ਬਹੁਤ ਉਪਰ ਸਨ। ਸਿੱਖ ਸੰਗਤਾਂ ਤੋਂ ਮਿਲਿਆ ਮਾਨ ਸਨਮਾਨ ਹੀ ਉਹਨਾਂ ਲਈ ਸਭ ਤੋਂ ਵੱਡੀ ਜਾਗੀਰ ਸੀ। ਬੜੀ ਹੀ ਹਲੀਮੀ ਅਤੇ ਮਾਨ ਨਾਲ ਆਪਣੇ ਆਪ ਨੂੰ ਗੁਰੂ ਘਰ ਦਾ ਸੇਵਕ ਕਹਿੰਦੇ ਸਨ। ਪ੍ਰੰਤੂ ਫਿਰ ਵੀ ਭਾਈ ਬਖਸ਼ੀਸ਼ ਸਿੰਘ ਨੂੰ ਸਮੇਂ ਦੀਆਂ ਸਰਕਾਰਾਂ, ਧਾਰਮਿਕ ਜਥੇਬੰਦੀਆਂ, ਫੈਡਰੇਸ਼ਨ ਅਤੇ ਸੁਸਾਇਟੀਆਂ ਵਲੋਂ ਆਪ ਜੀ ਨੂੰ ਕਈ ਵਾਰ

ਸਨਮਾਨ ਨਾਲ ਨਿਵਾਜਿਆ ਗਿਆ।

ਸਨਮਾਨ :

ਰਾਗੀ ਬਖਸ਼ੀਸ਼ ਸਿੰਘ ਨੂੰ ਪੰਜਾਬ ਸਰਕਾਰ ਵਲੋਂ ਭਾਈ ਮਰਦਾਨਾ ਦੀ ਪਹਿਲੀ ਪ੍ਰਤਿਯੋਗਤਾ ਸਮੇਂ ਆਪ ਜੀ ਨੂੰ ਭਾਈ ਮਰਦਾਨਾ ਐਵਾਰਡ ਨਾਲ ਸਨਮਾਨਿਆ।

ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਰਾਗੀ ਐਵਾਰਡ ਨਾਲ ਸਨਮਾਨਿਤ ਕੀਤਾ।

ਪੰਜਾਬ, ਪੰਜਾਬੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਬਾਬਾ ਫਰੀਦ ਮੈਮੋਰੀਅਲ ਸੁਸਾਇਟੀ, ਗੁਰੂ ਨਾਨਕ ਫਾਊਂਡੇਸ਼ਨ, ਕੈਨੇਡਾ ਅਤੇ ਪਾਕਿਸਤਾਨ ਦੀਆਂ ਕਈ ਕਮੇਟੀਆਂ ਅਤੇ ਜਥੇਬੰਦੀਆਂ ਵਲੋਂ ਵੀ ਆਪ ਜੀ ਨੂੰ ਵਿਸ਼ੇਸ਼ ਮਾਨ ਸਨਮਾਨ ਕੀਤਾ ਗਿਆ।[5]

ਪ੍ਰਸਾਰ ਭਾਰਤੀ ਵਲੋਂ ਰੇਡੀਓ ਸਟੇਸ਼ਨ ਜ ਧਰ, ਦਿੱਲੀ ਸ਼੍ਰੀਨਗਰ ਚੰਡੀਗੜ੍ਹ ਤੇ ਸ਼ਿਮਲਾ ਵੀ ਆਪ ਨੇ ਕਈ ਵਾਰ ਕੀਰਤਨ ਦੀ ਸੇਵਾ ਨਿਭਾਈ।

ਰਿਕਾਡਿੰਗਜ :

ਸੰਨ 1962 ਤੋਂ 1989 ਤੱਕ ਨਿਰੰਤਰ ਹਰ ਮਹੀਨੇ ਜ ਧਰ ਰੇਡੀਓ ਸਟੇਸ਼ਨ ਤੋਂ ਗਾਉਂਦੇ ਸਨ ਅਤੇ ਹਰ ਐਤਵਾਰ ਨੂੰ 'ਆਸਾ ਦੀ ਵਾਰ' ਪ੍ਰਸਤੁਤ ਹੁੰਦੀ ਰਹੀ।

ਦਿੱਲੀ ਦੂਰਦਰਸ਼ਨ "ਗਵਹੁ ਸਾਚੀ ਬਾਣੀ" ਸਿਰਲੇਖ ਉੱਤੇ ਰਿਕਾਡਿੰਗ ਹੋਈਆਂ।

ਐਚ. ਐਮ. ਵੀ. ਕੀਰਤਨ ਦਰਬਾਰ ਸਭਾ ਫਰੀਦਕੋਟ ਨੇ ਭਾਈ ਬਖਸ਼ੀਸ਼ ਨਾਲ ਮਿਲ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਸ਼ਬਦਾਂ ਦਾ ਇਕ ਐਲ. ਪੀ. ਕੱਢਿਆ।

ਪਹਿਲੇ ਦੋ ਸ਼ਬਦਾਂ ਦਾ ਕੀਰਤਨ, "ਗੁਰੂ ਰਾਮਦਾਸ ਰਾਖਹੁ ਸਰਣਾਈ" ਅਤੇ "ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ" ਭਾਈ ਬਖਸ਼ੀਸ਼ ਸਿੰਘ ਨੇ ਕੀਤਾ ਸੀ।

ਭਾਈ ਬਖਸ਼ੀਸ਼ ਸਿੰਘ ਦੀ ਆਵਾਜ਼ ਵਿਚ ਸੋਲਾਂ ਕੈਸਟਾਂ ਭਰੀਆਂ ਗਈਆਂ ਜਿਹੜੀਆਂ ਕਿ ਐਚ. ਐਮ. ਵੀ, ਟੈਕਸਲਾ ਆਦਿ ਕੰਪਨੀਆਂ ਨੇ ਕੱਢੀਆਂ ਸਨ।

ਮਿਊਜ਼ਿਕ ਡਾਇਰੈਕਟਰ ਐਸ. ਮਹਿੰਦਰ ਵਲੋਂ ਨੌਵੀਂ ਪਾਤਸ਼ਾਹੀ ਜੀ ਦੇ ਦੋ ਸ਼ਬਦ ਨਿਰਧਾਰਤ ਰਾਗਾਂ ਵਿਚ ਰਿਕਾਰਡ ਕੀਤੇ ਗਏ।

ਭਾਈ ਬਖਸ਼ੀਸ਼ ਸਿੰਘ ਦੀਆਂ ਕਈ ਆਡੀਓ ਕੈਸਟਾਂ ਵੀ ਰਿਕਾਰਡ ਹੋਈਆਂ। ਪਰੰਤੂ ਕੁਝ ਸ਼ਬਦ ਹਰ ਕਿਸੀ ਦੀ ਜ਼ੁਬਾਨ ਉਤੇ ਆ ਗਏ, ਜਿਵੇਂ ਕਿ ਪਾਤੀ ਪਾਤੀ ਤੋਰੈ ਮਾਲਨੀ, ਧੰਨ ਧੰਨ ਰਾਮਦਾਸ ਗੁਰ ਜਿਨਿ ਸਿਰਿਆ ਤਿਨੈ ਸਵਾਰਿਆ ਆਦਿ ਸ਼ਬਦਾਂ ਨੂੰ ਸਿੱਖ ਸੰਗਤਾਂ ਵਾਰ-ਵਾਰ ਸੁਨਣ ਲਈ ਗੁਜ਼ਾਰਿਸ਼ ਕਰਦੀਆਂ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਇਕ ਬਹੁਤ ਹੀ ਮਹੱਤਵਪੂਰਣ ਘਟਨਾ ਹੈ ਜੋ ਭਾਈ ਬਖਸ਼ੀਸ਼ ਸਿੰਘ

ਨਾਲ ਵਾਪਰੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਮੇਨ ਬਿਲਡਿੰਗ ਦਾ ਉਦਘਾਟਨ ਸਮਾਰੋਹ ਸੀ, ਜਿਸ ਵਿਚ ਭਾਈ ਬਖਸ਼ੀਸ਼ ਸਿੰਘ ਨੂੰ ਕੀਰਤਨ ਕਰਨ ਲਈ ਸੱਦਾ ਦਿੱਤਾ ਗਿਆ ਸੀ, ਉਸ ਸਮੇਂ ਪੰਜਾਬ ਦੇ ਗਵਰਨਰ ਨੇ ਉਦਘਾਟਨ ਕਰਨ ਲਈ ਆਉਣਾ ਸੀ ਗਵਰਨਰ ਦੇ ਆਉਣ ਸਮੇਂ ਭਾਈ ਸਾਹਿਬ ਅਤਿ ਢੁੱਕਵਾਂ ਸ਼ਬਦ ਪੜ੍ਹਕੇ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਸ਼ਬਦ 'ਆਜ ਮੋਰੇ ਆਏ ਹੈ' ਪੰਜਾਬ ਦੇ ਰਾਜਪਾਲ ਇਸ ਸ਼ਬਦ ਤੋਂ ਇਨ੍ਹਾਂ ਪ੍ਰਭਾਵਿਤ ਹੋਏ ਕਿ ਆਪ ਨੇ ਆਪਣੇ ਹੀ ਹੱਥ ਦੀ ਇਕ ਬੇਸ਼ਕੀਮਤੀ ਅੰਗੂਠੀ ਉਤਾਰ ਕੇ ਅਦਬ ਸਤਿਕਾਰ ਨਾਲ ਭਾਈ ਸਾਹਿਬ ਦੇ ਹੱਥ ਵਿਚ ਪਾ ਦਿੱਤੀ।

ਭਾਈ ਬਖਸ਼ੀਸ਼ ਸਿੰਘ ਨੇ ਬਤੌਰ ਹਜ਼ੂਰੀ ਰਾਗੀ ਜੱਥਾ ਸੱਚ ਖੰਡ ਸ੍ਰੀ ਦਰਬਾਰ ਸਾਹਿਬ ਜੀ, ਬਾਬਾ ਬਕਾਲਾ, ਤਰਨ ਤਾਰਨ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਜੀ, ਮੁਕਤਸਰ ਸਾਹਿਬ ਜੀ ਅਤੇ ਦੁਖਨਿਵਾਰਨ ਸਾਹਿਬ ਪਟਿਆਲਾ ਵਿਖੇ ਤਨਦੇਹੀ ਨਾਲ ਕੀਰਤਨ ਕਰਦੇ ਰਹੇ। ਹਿੰਦੁਸਤਾਨ ਭਰ ਦੀਆਂ ਅਨੇਕਾਂ ਥਾਵਾਂ ਤੋਂ ਇਲਾਵਾ, ਪਾਕਿਸਤਾਨ ਅਤੇ ਕੈਨੇਡਾ ਦੀਆਂ ਸੰਗਤਾਂ ਨੂੰ ਵੀ ਆਪਣੇ ਕੀਰਤਨ ਦੁਆਰਾ ਨਿਹਾਲ ਕਰਦੇ ਰਹੇ। ਭਾਈ ਨਿਰਮਲ ਸਿੰਘ ਖਾਲਸਾ ਦੇ ਸ਼ਬਦਾਂ ਵਿਚ ਭਾਈ ਬਖਸ਼ੀਸ਼ ਸਿੰਘ "ਪ੍ਰਾਚੀਨ ਗਾਇਨ ਸ਼ੈਲੀਆਂ, ਰੀਤਾਂ, ਧੁਨਾਂ ਤਰਜ਼ਾਂ ਤੇ ਬੰਦਿਸ਼ਾਂ ਦੇ ਵੀ ਖਜ਼ਾਨੇ ਸਨ।"

ਭਾਈ ਬਖਸ਼ੀਸ਼ ਸਿੰਘ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਰਾਗ ਨੂੰ ਬੜੀ ਸਰਲਤਾ ਨਾਲ ਪੇਸ਼ ਕਰਕੇ ਸੰਗਤਾਂ ਦੀ ਰੁਚੀ, ਪਿਆਰ ਅਤੇ ਸੂਝ ਮੁਤਾਬਕ ਆਪਣੇ ਆਪ ਨੂੰ ਢਾਲਦੇ ਸਨ। ਇਕੋ ਸ਼ਬਦ ਨੂੰ ਕਈ ਰੀਤਾਂ ਵਿਚ ਗਾਇਨ ਕਰ ਦੇਣਾ ਉਨ੍ਹਾਂ ਲਈ ਬਹੁਤ ਆਸਾਨ ਸੀ। ਰਾਗ ਧਨਾਸਰੀ, ਜੈਤਸਰੀ, ਸਾਰੰਗ, ਸੋਰਠਿ, ਕਲਿਆਣ ਅਤੇ ਜੈਜਾਵੰਤੀ ਉਨ੍ਹਾਂ ਦੇ ਮਨ ਪਸੰਦ ਦੇ ਰਾਗ ਸਨ। ਸ਼ਾਸਤਰੀ ਸੰਗੀਤ ਵਿਚ ਬੱਝੀਆਂ ਰੀਤਾਂ ਅਤੇ ਬੰਦਸ਼ਾਂ ਦੀ ਪਰੰਪਰਾ ਨੂੰ ਰਾਗੀ ਸਮੁੰਦ ਸਿੰਘ ਤੋਂ ਬਾਅਦ ਇਨ੍ਹਾਂ ਨੇ ਅਖੀਰ ਦਮ ਤੱਕ ਕਾਇਮ ਰੱਖਿਆ। ਭਾਈ ਬਖਸ਼ੀਸ਼ ਸਿੰਘ ਨੇ ਕੀਰਤਨ ਪਰੰਪਰਾ ਦੀ ਮੌਲਿਕਤਾ, ਨਿਵੇਕਲਤਾ, ਸਾਰਥਕਤਾ ਲਈ ਯੋਗਦਾਨ ਅਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਵੱਡਮੁੱਲਾ ਹਿੱਸਾ ਪਾਇਆ।

ਸ਼ਾਗਿਰਦ : ਭਾਈ ਬਖਸ਼ੀਸ਼ ਸਿੰਘ ਦੇ ਸ਼ਾਗਿਰਦ ਅੱਜ ਚੰਗੇ ਮੁਕਾਮ 'ਤੇ ਹਨ ਜਿਨ੍ਹਾਂ ਵਿਚੋਂ ਰਾਗੀ ਗੁਰਦੀਪ ਸਿੰਘ, ਭਾਈ ਸੁਰਜੀਤ ਸਿੰਘ ਯੂ. ਐਸ. ਏ. , ਭਾਈ ਕੁਲਵੰਤ ਸਿੰਘ, ਭਾਈ ਸੰਤੋਖ ਸਿੰਘ, ਭਾਈ ਬਲਦੇਵ ਸਿੰਘ, ਭਾਈ ਦੇਵਿੰਦਰ ਸਿੰਘ ਸੋਢੀ, ਭਾਈ ਹਰਜੀਤ ਸਿੰਘ, ਭਾਈ ਜਾਗੀਰ ਸਿੰਘ, ਭਾਈ ਕਿਰਪਾਲ ਸਿੰਘ, ਭਾਈ ਪਰਮਜੀਤ ਸਿੰਘ, ਡਾ. ਜਬਰਜੰਗ ਸਿੰਘ ਆਦਿ। ਇਨ੍ਹਾਂ ਦੀ ਬੇਟੀ ਰਾਜਿੰਦਰ ਕੌਰ ਆਪ ਜੀ ਦੇ ਪਦ ਚਿੰਨ੍ਹਾਂ ਉਤੇ ਟੁਰਦੀ ਹੋਈ ਸੰਗੀਤ ਜਗਤ ਨਾਲ ਜੁੜੀ ਹੋਈ ਹੈ।

27 ਨਵੰਬਰ 1991 ਨੂੰ ਭਾਈ ਬਖਸ਼ੀਸ਼ ਸਿੰਘ ਨਿਯਮਤ ਸਮੇਂ ਉਪਰ ਪਾਰਕ ਵਿਚ ਸੈਰ ਕਰ ਰਹੇ ਸਨ ਜਦੋਂ ਕਿਸੇ ਸਿਰ ਫਿਰੇ ਵਿਅਕਤੀ ਨੇ ਆਪ ਜੀ ਨੂੰ ਛੁੱਪ ਕੇ ਗੋਲੀ ਮਾਰ ਕੇ ਸਦਾ ਦੀ ਨੀਂਦ ਸੁਆ ਦਿੱਤਾ। ਜਿਸ ਦੀ ਕਦੇ ਵੀ ਪੂਰਤੀ ਨਹੀਂ ਕੀਤੀ ਜਾ ਸਕਦੀ।ਆਪ ਦੀ ਗੁਰਮਤਿ ਸੰਗੀਤ ਜਗਤ ਨੂੰ ਦੇਣ ਅਣਮੋਲ ਹੈ।

**Research Scholer Gumat Sangeet Depatment Punjabi University Patiala**

### ਪੰਜਾਬ ਦੀ ਸੰਗੀਤ ਪਰੰਪਰਾ ਦੇ ਉੱਜਵਲ ਭਵਿੱਖ ਲਈ...

# ਪੰਜਾਬੀ ਯੂਨੀਵਰਸਿਟੀ ਦਾ 7ਵਾਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ

## ਜਤਿੰਦਰ ਸਿੰਘ ਮੱਟੂ

ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ ਦੀਆਂ ਚਾਰੇ ਧਾਰਾਵਾਂ ਸ਼ਾਸਤਰੀ ਸੰਗੀਤ, ਸੂਫੀ ਸੰਗੀਤ, ਲੋਕ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਸੁਰੱਖਿਆ, ਸੰਭਾਲ ਅਤੇ ਵਿਕਾਸ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੀ ਸਰਪ੍ਰਸਤੀ ਵਿਚ ਨਿੱਤ ਨਵੇਂ ਮੁਕਾਮ ਹਾਸਿਲ ਕਰ ਰਹੀ ਹੈ। ਪੰਜਾਬੀ ਯੂਨੀਵਰਸਿਟੀ ਵਲੋਂ ਪੰਜਾਬ ਦੇ ਸੰਗੀਤਕਾਰਾਂ ਅਤੇ ਕਲਾਕਾਰਾਂ ਨੂੰ ਪੇਸ਼ਕਾਰੀਆਂ ਲਈ ਚੰਗਾ ਮੰਚ ਪ੍ਰਦਾਨ ਕਰਨ ਅਤੇ ਪੰਜਾਬ ਦੀ ਸੰਗੀਤ ਵੱਲ ਰੁਚਿਤ ਨਵੀਂ ਪੀੜ੍ਹੀ ਨੂੰ ਇੰਨਾਂ ਕਲਾਕਾਰਾਂ ਦੀ ਕਲਾ ਦੇ ਨੇੜੇ ਬਹਿ ਕੇ ਸੁਣਨ ਅਤੇ ਦੇਖਣ ਲਈ ਅਵਸਰ ਪ੍ਰਦਾਨ ਕੀਤੇ ਜਾ ਰਹੇ ਹਨ ਤਾਂ ਜੋ ਵਿਦਿਆਰਥੀ ਇੰਨਾਂ ਕਲਾਕਾਰਾਂ ਤੋਂ ਮੰਚ ਪ੍ਰਦਰਸ਼ਨ ਦੇ ਗੁਰ ਸਿੱਖ ਕੇ ਇਸ ਖੇਤਰ ਵਿਚ ਆਪਣੀ ਵਿਰਾਸਤ ਸੰਭਾਲ ਸਕਣ। ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਸੰਗੀਤ ਚੇਅਰ ਦੇ ਬਾਨੀ ਮੁਖੀ ਅਤੇ ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਵਲੋਂ ਗੁਰਮਤਿ ਸੰਗੀਤ ਪਰੰਪਰਾ ਦੀ ਪ੍ਰਫੁਲਤਾ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ, ਇੰਨਾਂ ਹੀ ਯਤਨਾ ਵਿਚ ਪੰਜਾਬੀ ਯੂਨੀਵਰਸਿਟੀ ਵਲੋਂ ਸ੍ਰੀ ਗੁਰੂਨਾਨਕ ਸਾਹਿਬ ਦੇ ਪਰਮ ਸੰਗੀ ਭਾਈ ਮਰਦਾਨਾ ਦੀ ਸਿਮ੍ਰਤੀ ਵਿਚ 'ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ' 2008 ਤੋਂ ਆਯੋਜਿਤ ਕੀਤਾ ਜਾ ਰਿਹਾ ਹੈ। ਸੱਤਵਾਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ 9 ਤੋਂ 11 ਫਰਵਰੀ 2015 ਤੱਕ ਯੂਨੀਵਰਸਿਟੀ ਦੇ ਕਲਾ ਭਵਨ ਵਿਖੇ ਡਾ. ਜਸਪਾਲ ਸਿੰਘ, ਵਾਈਸ-ਚਾਂਸਲਰ ਦੀ ਸਰਪ੍ਰਸਤੀ ਹੇਠ ਹੋਇਆ। ਇਸ ਸੰਮੇਲਨ ਦੀ ਖਾਸ ਗੱਲ ਹੈ ਕਿ ਇਸ ਵਿਚ ਵਿਸ਼ਵ ਪ੍ਰਸਿੱਧ ਸ਼ਾਸਤਰੀ ਗਾਇਕਾਂ ਅਤੇ ਵਾਦਕਾਂ ਦੀ ਪ੍ਰਫਾਰਮੈਂਸ ਦੇ ਨਾਲ-ਨਾਲ 'ਪੰਜਾਬ ਸੰਗੀਤ ਰਤਨ ਐਵਾਰਡ' ਦਿੱਤਾ ਜਾਂਦਾ ਹੈ। ਸੱਤਵੇਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ 'ਤੇ ਇਹ ਐਵਾਰਡ ਸ਼ਾਸਤਰੀ ਸੰਗੀਤ ਦੇ ਘਰਾਣੇਦਾਰ ਗਾਇਕਾਂ ਵਿਚੋਂ ਸ਼ਾਮ ਚੌਰਾਸੀ ਘਰਾਣੇ ਦਾ ਪ੍ਰਤੀਨਿਧਤਵ ਕਰ ਰਹੇ ਉਘੇ ਸ਼ਾਸਤਰੀ ਸੰਗੀਤਕਾਰ ਪੰਡਤ ਸੋਮ ਦੱਤ ਬਟੂਨੂੰ ਪ੍ਰਦਾਨ ਕੀਤਾ ਗਿਆ ਜਿਸ ਵਿਚ ਸਨਮਾਨ ਪੱਤਰ ਅਤੇ 31,000/- ਰੁਪਏ ਦੀ ਰਾਸ਼ੀ ਸ਼ਾਮਿਲ ਸੀ। ਇਸ ਮੌਕੇ ਪੰਡਤ ਸੋਮਦੱਤ ਬੱਟੂ ਨੇ ਰਾਗ ਸਰਸਵਤੀ ਵਿਚ ਵਿਲੰਬਿਤ ਖਿਆਲ ਹੇ ਮਾਤਾ ਸ਼ਾਰਦਾ ਵਿਦਿਆ ਦਾਨ ਦੇਵੀਂ, ਛੋਟੇ ਖਿਆਲ ਵਿਚ ਸੁਖ ਕਰਨੀ ਮਾਤਾ, ਰਾਗ ਯਮਨ ਪਹਾੜੀ ਵਿਚ ਹੇ ਕਗਵਾ ਮੈਂ ਜਾਣਾ ਪੀਆ ਦੇ ਦੇਸ਼ ਅਤੇ ਪ੍ਰੋਗਰਾਮ ਦੇ ਆਖੀਰ ਵਿਚ ਬੁੱਲੇ ਸ਼ਾਹ ਦੀ ਕਾਫੀ ਆਵੋ ਨੀ ਸਈਉਂ ਦੀ ਪੇਸ਼ਕਾਰੀ ਕੀਤੀ। ਸੰਗੀਤ ਸੰਮੇਲਨ ਦੇ ਪਹਿਲੀ ਸ਼ਾਮ ਪ੍ਰਸਿੱਧ ਸਿਤਾਰ ਵਾਦਕ ਡਾ. ਵਰਿੰਦਰ ਕੁਮਾਰ (ਜਲੰਧਰ) ਨੇ ਰਾਗ ਬਸੰਤ ਵਿਚ ਦਰੁੱਤ ਗਤ ਦੀ ਪੇਸ਼ਕਾਰੀ ਦਿੱਤੀ।

ਸੰਗੀਤ ਸੰਮੇਲਨ ਦੇ ਦੂਸਰੇ ਦਿਨ ਪੰਜਾਬ ਘਰਾਣੇ ਦੇ ਤਬਲਾ ਵਾਦਕ ਉਸਤਾਦ ਕੁਲਵਿੰਦਰ ਸਿੰਘ ਦੇ ਦੋ

ਵਿਦਿਆਰਥੀਆਂ ਪਵਿੱਤਰ ਸਿੰਘ ਤਬਲੇ ਉੱਪਰ ਅਤੇ ਸ੍ਰੀ ਗੁਲਸ਼ਨ ਕੁਮਾਰ ਢੋਲ ਉੱਪਰ ਆਪਣੀ ਅਨੋਖੀ ਜੁਗਲਬੰਦੀ ਪੇਸ਼ ਕੀਤੀ। ਸ੍ਰੋਤਿਆਂ ਨੇ ਇਸ ਅਨੋਖੇ ਮਿਸ਼ਰਣ ਵਾਲੀ ਜੁਗਲਬੰਦੀ ਸੁਣ ਅਤੇ ਦੇਖ ਕੇ ਭਰਪੂਰ ਵਾਹ ਵਾਹੀ ਕੀਤੀ। ਨੌਜਵਾਨ ਢੋਲ ਵਾਦਕ ਨੇ ਤਬਲੇ ਦੀਆਂ ਸੋਲੋ ਵਾਦਨ ਦੀਆਂ ਚੀਜਾਂ ਨੂੰ ਢੋਲ ਉੱਪਰ ਹੂਬਹੂਵਜਾਇਆ ਜਿਸ ਦੀ ਸ੍ਰੋਤਿਆਂ ਨੇ ਕਾਫੀ ਤਾਰੀਫ ਕੀਤੀ। ਇਸ ਤੋਂ ਬਾਅਦ ਗੁਰਮਤਿ ਸੰਗੀਤ ਵਿਭਾਗ ਦੇ ਹਰਪ੍ਰੀਤ ਸਿੰਘ ਨੇ ਚਾਰ ਤਾਲ ਵਿਚ ਤਬਲੇ ਵਾਦਨ ਦੀ ਸੋਲੋ ਪੇਸ਼ਕਾਰੀ ਦਿੱਤੀ। ਇੰਨਾਂ ਤੋਂ ਬਾਅਦ ਸ੍ਰੀ ਤੌਸ਼ੀਨ ਨੇ ਸੰਤੂਰ ਉੱਪਰ ਸਾਊਥ ਏਸ਼ੀਅਨ ਰਾਗ ਧਰਮਾਵਤੀ ਦੀ ਪੇਸ਼ਕਾਰੀ ਦਿੱਤੀ। ਦੂਸਰੇ ਦਿਨ ਦੇ ਮੁੱਖ ਕਲਾਕਾਰ ਸ੍ਰੀ ਬਲਦੇਵ ਨਾਰੰਗ (ਜਲੰਧਰ) ਨੇ ਸ਼ਾਸਤਰੀ ਗਾਇਨ ਦੀ ਪੇਸ਼ਕਾਰੀ ਕੀਤੀ। ਜਿਸ ਵਿਚ ਉਨਾਂ ਰਾਗ ਤੁਖਾਰੀ ਵਿਚ ਵਿਲੰਬਿਤ ਖਿਆਲ 'ਅਰਜ ਸੁਣੋ ਮਹਾਰਾਜ', ਰਾਗ ਜੈਜਾਵੰਤੀ ਵਿਚ 'ਤੇਰੀ ਜੈ ਪੰਜਾਬੀ ਮਾਤਾ', ਰਾਗ ਬਸੰਤ ਵਿਚ 'ਗੇਂਦਾ ਗੁਲਾਬ, ਕਾਮਨੀ, ਗੁਲ ਮੇਂਹਦੀ ਗੁਲਨਾਰ', ਰਾਗ ਬਹਾਰ ਵਿਚ 'ਸਦਾ ਬਹਾਰ ਦੇਈਂ ਇਸ ਬਾਗੇ ਕਦੀ ਖਿਜ਼ਾਂ ਨਾ ਆਵੇ' ਆਦਿ ਪੰਜਾਬੀ ਬੰਦਿਸ਼ਾਂ ਦੀ ਪੇਸ਼ਕਾਰੀ ਦਿੱਤੀ।

ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੇ ਆਖਿਰੀ ਦਿਨ ਸ਼ਾਸਤਰੀ ਸੰਗੀਤ ਵਿਚ ਪੰਜਾਬ ਦੀ ਪ੍ਰਤੀਨਿਧਤਾ ਕਰ ਹੀ ਮਹਿਲਾ ਸ਼ਾਸਤਰੀ ਗਾਇਕਾ ਡਾ. ਨਿਵੇਦਿਤਾ ਸਿੰਘ ਨੇ ਸ਼ਾਸਤਰੀ ਗਾਇਨ ਦੀ ਪੇਸ਼ਕਾਰੀ ਦਿੱਤੀ। ਜਿਸ ਵਿਚ ਉਨਾਂ ਰਾਗ ਜੋਗ ਵਿਚ ਇਕ ਤਾਲ ਵਿਚ ਵਿਲੰਬਿਤ ਖਿਆਲ 'ਮੋਰਾ ਰੇ ਸਲੋਨਾ ਬਲਮਾ ਘਰ ਆਈ', ਦਰੁੱਤ ਖਿਆਲ ਸਵਰਨ ਕੇ ਸਾਧੇ ਅਤੇ ਹੋਰ ਬੰਦਿਸ਼ਾਂ ਦੀ ਪੇਸ਼ਕਾਰੀ ਦਿੱਤੀ। ਜਿਸਨੂੰ ਸ੍ਰੋਤਿਆਂ ਨੇ ਭਰਪੂਰ ਸਰਾਹਿਆ। ਡਾ. ਹਰੀ ਓਮ ਸ੍ਰੀਵਾਸਤਵ ਅਤੇ ਸ੍ਰੀ ਅਮਿੱਤ ਸ੍ਰੀਵਾਸਤਵ ਵਲੋਂ ਤਬਲੇ ਦੀ ਜੁਗਲਬੰਦੀ ਦੀ ਪੇਸ਼ਕਾਰੀ ਦਿੱਤੀ ਗਈ ਜਿਸ ਵਿਚ ਉਨਾਂ ਤਿੰਨ ਤਾਲ ਵਿਚ ਕਾਇਦੇ, ਪਲਟੇ ਟੁਕੜੇ, ਪਰਨ ਅਤੇ ਚੱਕਰਦਾਰ ਵਜਾ ਕੇ ਸ੍ਰੋਤਿਆਂ ਦੀ ਭਰਪੂਰ ਵਾਹ ਵਾਹੀ ਲੁੱਟੀ। ਪੰਡਤ ਪ੍ਰੋ. ਸਾਹਿਤਯ ਨਾਹਰ ਨੇ ਸਿਤਾਰ ਅਤੇ ਪੰਡਤ ਸੰਤੋਸ਼ ਨਾਹਰ ਨੇ (ਦਿੱਲੀ) ਨੇ ਵਾਇਲਨ ਉੱਪਰ ਰਾਗ ਵਾਚਸਪਤੀ ਵਿਚ ਜੁਗਲਬੰਦੀ ਦੀ ਪੇਸ਼ਕਾਰੀ ਦਿੱਤੀ। ਇਸ ਅਵਸਰ 'ਤੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਜੀ ਨੇ ਵਿਸ਼ਵ ਪੱਧਰ 'ਤੇ ਗੁਰਮਤਿ ਸੰਗੀਤ ਦੇ ਸਰਬਪੱਖੀ ਵਿਕਾਸ ਲਈ ਡਾ. ਗੁਰਨਾਮ ਸਿੰਘ, ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ ਵਲੋਂ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਪੰਜਾਬ ਦੀ ਸੰਗੀਤ ਪਰੰਪਰਾ ਦੀ ਧਰਾਤਲ ਵਿਚੋਂ ਗੁਰਮਤਿ ਸੰਗੀਤ ਦਾ ਸੂਰਜ ਉਦੈ ਹੋਇਆ ਜਿਸ ਨੇ ਸਾਰੇ ਵਿਸ਼ਵ ਵਿਚ ਸੰਗੀਤਮਈ ਰੋਸ਼ਨੀ ਫੈਲਾਈ। ਅੱਜ ਪੰਜਾਬੀ ਯੂਨੀਵਰਸਿਟੀ ਗੁਰਮਤਿ ਸੰਗੀਤ ਦੇ ਚਾਨਣ ਮੁਨਾਰੇ ਵਜੋਂ ਉਭਰ ਕੇ ਸਾਹਮਣੇ ਆਈ ਹੈ। ਉਨਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਹੁਣ ਗੁਰਮੁਖੀ, ਗੁਰਮਤਿ ਸਟੱਡੀਜ਼ ਅਤੇ ਗੁਰਮਤਿ ਸੰਗੀਤ ਦੀ ਆਨ ਲਾਈਨ ਸਿੱਖਿਆ ਦੇਣ ਵਾਲੀ ਵਿਸ਼ਵ ਦੀ ਪਹਿਲੀ ਯੂਨੀਵਰਸਿਟੀ ਬਣ ਗਈ ਹੈ। ਡਾ. ਅੰਮ੍ਰਿਤਪਾਲ ਕੌਰ ਡਾਇਰੈਕਟਰ ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ ਵਲੋਂ ਅਤੇ ਡਾ. ਗੁਰਨਾਮ ਸਿੰਘ ਵਲੋਂ ਇਸ ਖੇਤਰ ਵਿਚ ਕਾਫੀ ਕੁਝ ਕੀਤਾ ਜਾ ਰਿਹਾ ਹੈ, ਜਿਸਦੀ ਕਦੇ ਕਲਪਨਾ ਹੀ ਕੀਤੀ ਜਾ ਸਕਦੀ ਸੀ। ਇਹ ਯਤਨ ਨਿਸ਼ਚੇ ਹੀ ਪੰਜਾਬ ਦੀ ਸੰਗੀਤ ਪਰੰਪਰਾ ਨੂੰ ਬੁਨਿਆਦੀ ਤੌਰ ਤੇ ਪ੍ਰਫੁੱਲਤ ਕਰਨਗੇ।

ਤਕਨੀਕੀ ਸਹਾਇਕ, ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋਬਾਇਲ : **9855520123**

# ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

– ਸੰਪਾਦਕ : 09814053630

# ਆਭੋਗੀ ਕਾਨੜਾ : ਪ੍ਰਿ: ਦਿਆਲ ਸਿੰਘ

ਅਭੋਗੀ-ਕਾਨੜਾ

ਕਾਨੜਾ ਮਹਲਾ ੫ (੧੩੦੩)

ਥਾਟ : ਕਾਫੀ॥ ਸਮਾਂ : ਰਾਤ ਦਾ ਦੂਜਾ ਪਹਿਰ, ਜਾਤੀ ਉਡਵ ਉਡਵ, ਵੇ/ਸਂ - ਮ-ਸ

ਆਰੋਹ : ਸ, ਰ, [ਮੁ]ਗੁ ਮ, ਧ ਸਂ॥ ਅਵਰੋਹ : ਸਂ [ਸੰ]ਧੁ ਮ, [ਮੁ]ਗੁ, [ਮੁ]ਗੁ, ਮ, ਰੇਸ॥

ਮੁੱਖ ਅੰਗ : ਸ, [ਥੰ]ਧੁ, ਸਰ [ਮੁ]ਗੁ - ਗੁ ਸ॥

| × | | 2 | | | 0 | | 3 | | | × | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | | | | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| [ਮ]ਗੁ | ਮ | ਰ | - | ਸ | ਰ | ਧ਼ | ਸ | - | ਰ | [ਮ]ਗੁ | ਮ | ਮ | ਧ | ਧ | [ਮ]ਗੁ | ਮ | ਰ | ਸ | ਸ |
| ਜੀ | ਅ | ਪ੍ਰਾ | s | ਨ | ਮਾ | ਨ | ਦਾ | s | ਤਾ | ਹ | ਰਿ | ਬਿ | ਸ | ਰ | ਤੇ | ਹੀ | ਹਾ | s | ਨਿ |
| ਅੰਤਰਾ | | | | | | | | | | | | | | | | | | | |
| ਮ | ਮ | ਧ | - | ਮ | ਧ | ਧ | ਸਂ | - | ਸਂ | [ਸੰ]ਧ | ਸਂ | ਰਂਗੁਂ | ਰਂ | ਸਂ | ਰਂ | ਧ | ਸਂ | - | ਸਂ |
| ਗੋ | ਬਿੰਦ | ਤਿਆ | s | ਗ | ਆ | ਨ | ਲਾ | s | ਗਹਿ | ਅੰ | ਮ੍ਰਿ | ਤੋs | ਡਾ | ਰ | ਭੂ | ਮ | ਪਾ | s | ਸਹਿ |
| [ਮਂ]ਗੁਂ | ਮਂ | ਰਂ | ਸਂ | ਸਂ | ਧ | ਸਂ | ਧ | ਮ | ਮ | [ਮ]ਗੁ | ਮ | ਧ | - | ਧ | [ਮ]ਗੁ | ਮ | ਰ | ਸ | ਸ |
| ਬਿ | ਖੈ | ਰ | ਸ | ਸਿਉ | ਆ | ਸ | ਕ | s | ਤ | ਮੂ | ੜੇ | ਕਾ | s | ਹੇ | ਸੁ | ਖ | ਮਾ | s | ਨ |

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੧੩੦੩

Page 1303

### ਕਾਨੜਾ ਮਹਲਾ ੫ ॥

Kaanraa, Fifth Mehl:

### ਜੀਅ ਪ੍ਰਾਨ ਮਾਨ ਦਾਤਾ ॥

The Giver of the soul, the breath of life and honor

### ਹਰਿ ਬਿਸਰਤੇ ਹੀ ਹਾਨਿ ॥੧॥ ਰਹਾਉ ॥

- forgetting the Lord, all is lost. ||1||Pause||

### ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ ॥

You have forsaken the Lord of the Universe, and become attached to another - you are throwing away the Ambrosial Nectar, to take dust.

### ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ ॥੧॥

What do you expect from corrupt pleasures? You fool! What makes you think that they will bring peace? ||1||

### ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ ॥

Engrossed in unfulfilled sexual desire, unresolved anger and greed, you shall be consigned to reincarnation.

### ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥੧੨॥੩੧॥

But I have entered the Sanctuary of the Purifier of sinners. O Nanak, I know that I shall be saved. ||2||12||31||


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

| LIST OF DONORS UPTO 22-03-2015 | | | | |
|---|---|---|---|---|
| R.No. | Date | Amount (Rs.) | Donors | Remarks |
| 6566 | 21.02.2015 | 15000 | Sh. Rajinder Mander | |
| 6567 | 07.03.2015 | 2500 | Sigma Corporation India Limited | |
| 6568 | 12.03.2015 | 5000 | Dr Jagir Singh | |
| 6569 | 21.03.2015 | 1000 | Dr S.S.bhatia | |
| 6570 | 21.03.2015 | 150 | Jatinder Singh | |
| 6571 | 22.03.2015 | 1100 | Kirtan Bheta Thru Hbs Chopra From Bs Shahpuri | |
| 6572 | 22.03.2015 | 360 | Kirtan Bheta Thru Hbs Chopra | |



ਸ਼ਾਮ ਚੌਰਾਸੀ ਘਰਾਣੇ ਦਾ ਪ੍ਰਤੀਨਿਧਤਵ ਕਰਨ ਵਾਲੇ ਪੰਡਤ ਸੋਮ ਦੱਤ ਬੱਟੂਨੂੰ ਪੰਜਾਬ ਸੰਗੀਤ ਰਤਨ ਐਵਾਰਡ ਨਾਲ ਸਨਮਾਨਿਤ ਕਰਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ।

Postal Regd. No. CH/0045/2015-2017 RNI Regd. No. 46788/89 ISSN 0972-2335

